# ਵੱਧਦੀ ਅਬਾਦੀ
# ਬਨਾਮ
# ਗਰੀਬੀ–ਬੇਰੁਜ਼ਗਾਰੀ

# ਵਧਦੀ ਅਬਾਦੀ

## ਬਨਾਮ

# ਗਰੀਬੀ-ਬੇਰੁਜ਼ਗਾਰੀ



ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

ਪਹਿਲੀ ਵਾਰ — ਜੂਨ 2013

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ–226006

**ਕੀਮਤ : 15 ਰੁਪਏ**

# ਕੀ ਵੱਧ ਅਬਾਦੀ ਹੀ
# ਗਰੀਬੀ-ਬੇਰੁਜ਼ਗਾਰੀ ਦਾ ਕਾਰਣ ਹੈ ?

• ਲਖਵਿੰਦਰ

ਸਾਨੂੰ ਹਮੇਸ਼ਾਂ ਹੀ ਇਹ ਦੱਸਿਆ ਗਿਆ ਹੈ ਕਿ ਦੇਸ਼ ਦੀ ਵੱਧ ਅਬਾਦੀ ਹੀ ਗਰੀਬੀ ਅਤੇ ਬੇਰੁਜ਼ਗਾਰੀ ਦਾ ਮੁੱਖ ਕਾਰਣ ਹੈ। ਸਾਨੂੰ ਕਿਹਾ ਜਾਂਦਾ ਹੈ ਕਿ ਜੇ ਵਧਦੀ ਅਬਾਦੀ 'ਤੇ ਕਾਬੂ ਪਾ ਲਿਆ ਜਾਵੇ ਤਾਂ ਸਾਡੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਹੋ ਜਾਵੇਗਾ। ਸਕੂਲਾਂ-ਕਾਲਜਾਂ ਦੀਆਂ ਕਿਤਾਬਾਂ ਵਿੱਚ ਇਹੋ ਰੱਟਾ ਲਵਾਇਆ ਜਾਂਦਾ ਹੈ। ਸਾਡੇ ਤੋਂ ਵੋਟਾਂ ਲੈ ਕੇ ਗਏ ਹਾਕਮਾਂ ਤੋਂ ਜਦੋਂ ਰੁਜ਼ਗਾਰ ਦੀ ਮੰਗ ਕਰਦੇ ਹਾਂ ਤਾਂ ਉਹ ਵੀ ਇਹੋ ਘੜਿਆ-ਘੜਾਇਆ ਜਵਾਬ ਦੇ ਕੇ ਪਿੱਛਾ ਛੁਡਾਉਣ ਦੀ ਕਰਦੇ ਹਨ। ਹਰ ਪਾਸੇ ਤੋਂ ਹੀ ਇਸ ਭਰਮ ਦੀ ਇੱਕ ਹਨੇਰੀ ਜਿਹੀ ਲਿਆ ਦਿੱਤੀ ਗਈ ਹੈ। ਇਸ ਕੁਤਰਕ ਦਾ ਏਨਾ ਕੂੜ-ਪਰਚਾਰ ਕੀਤਾ ਗਿਆ ਹੈ ਕਿ ਦੇਸ਼ ਦੇ ਆਮ ਲੋਕ ਇਸ ਗੱਲ ਨੂੰ 'ਰੱਬੀ ਸੱਚ' ਮੰਨ ਕੇ ਆਪਣੇ ਦਿਮਾਗਾਂ ਨੂੰ ਜੰਦਰੇ ਜੜ੍ਹੀ ਬੈਠੇ ਹਨ। ਇੱਕ ਧਰਮ ਨੂੰ ਮੰਨਣ ਵਾਲ਼ੇ ਲੋਕ ਦੂਜੇ ਧਰਮ ਦੇ ਪੈਰੋਕਾਰਾਂ ਨੂੰ ਵੱਧ ਬੱਚੇ ਪੈਦਾ ਕਰਨ ਕਰਕੇ ਕੋਸਦੇ ਰਹਿੰਦੇ ਹਨ। "ਉਚੀਆਂ ਜਾਤਾਂ" ਵਾਲ਼ੇ "ਨੀਵੀਆਂ ਜਾਤਾਂ" ਵਾਲੇ ਲੋਕਾਂ ਨੂੰ ਇਸਦੇ ਲਈ ਬੁਰਾ-ਭਲਾ ਆਖਦੇ ਹਨ। ਕਿਸੇ ਇੱਕ ਖੇਤਰ/ਇਲਾਕੇ ਦੇ ਨਿਵਾਸੀ ਦੂਜੇ ਇਲਾਕਿਆਂ ਤੋਂ ਆਏ ਪ੍ਰਵਾਸੀ ਕਿਰਤੀਆਂ ਨੂੰ ਹੀ ਅਬਾਦੀ ਵਧਾ ਦੇਣ ਦਾ ਦੋਸ਼ ਲਾਉਂਦੇ ਹੋਏ ਉਹਨਾਂ ਵਿਰੁੱਧ ਦੰਗੇ ਫ਼ਸਾਦ ਲਈ ਤਿਆਰ ਹੋ ਜਾਂਦੇ ਹਨ।

ਜਦੋਂ ਅਸੀਂ ਥੋੜ੍ਹੀ ਜਿਹੀ ਹੀ ਗੰਭੀਰਤਾ ਅਤੇ ਗਹਿਰਾਈ ਨਾਲ਼ ਤੱਥਾਂ ਦੀ ਪੜਤਾਲ ਕਰਦੇ ਹਾਂ ਤਾਂ ਅਸੀਂ ਸਾਫ਼ ਦੇਖ ਸਕਦੇ ਹਾਂ ਕਿ ਸਾਨੂੰ ਕਿਸ ਤਰ੍ਹਾਂ ਵੱਧ ਅਬਾਦੀ ਨੂੰ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਕਹਿਣਾ ਪੂਰੀ ਤਰ੍ਹਾਂ ਬੇਬੁਨਿਆਦ ਗੱਲ ਹੈ। ਅਬਾਦੀ ਨੂੰ ਗਰੀਬੀ-ਬੇਰੁਜ਼ਗਾਰੀ ਦਾ ਕਾਰਨ ਦੱਸਣਾ ਕੋਰਾ ਝੂਠ ਹੈ। ਕੁਝ ਲੋਕ ਇਸ ਤਰ੍ਹਾਂ ਦਾ ਪ੍ਰਚਾਰ ਆਪਣੀ ਗੈਰ ਜਾਣਕਾਰੀ ਕਰਕੇ ਕਰਦੇ ਹਨ। ਪਰ ਕੁਝ ਲੋਕ ਅਜਿਹੇ ਵੀ ਹਨ ਜਿਹਨ੍ਹਾਂ ਦਾ ਸਵਰਗ ਇਸੇ ਢਾਂਚੇ ਵਿੱਚ ਹੈ, ਦੂਜਿਆਂ ਦੀ ਮਿਹਨਤ 'ਤੇ ਆਪਣੀਆਂ ਤਜੌਰੀਆਂ ਭਰਨ ਵਾਲ਼ੇ ਸਰਮਾਏਦਾਰ ਇਸ ਢਾਂਚੇ ਨੂੰ ਜਿਉਂਦਾ ਰੱਖਣ ਲਈ ਇਸ ਤਰ੍ਹਾਂ ਦੇ ਭਰਮ ਲੋਕਾਂ ਵਿੱਚ ਫੈਲਾਉਂਦੇ ਹੀ ਰਹਿੰਦੇ ਹਨ।

ਅਬਾਦੀ ਨੂੰ ਸਭ ਸਮੱਸਿਆਵਾਂ ਦੀ ਜੜ੍ਹ ਦੱਸਣ ਵਾਲ਼ਾ ਝੂਠਾ ਸਿਧਾਂਤ ਅਸਲ ਵਿੱਚ ਇੱਕ ਸਰਮਾਇਦਾਰ ਸਿਧਾਂਤਕਾਰ ਮਾਲਥਸ ਵੱਲੋਂ ਘੜਿਆ ਗਿਆ ਹੈ। ਉਸਨੇ ਦਾਅਵਾ ਕੀਤਾ ਕਿ ਆਬਾਦੀ ਰੇਖਾ ਗਣਿਤਕ ਕ੍ਰਮ (1,2,4,8,16.....) ਅਨੁਸਾਰ ਵਧਦੀ ਹੈ ਜਦੋਂ ਕਿ ਗੁਜ਼ਾਰੇ ਦੇ ਸਾਧਨ ਅੰਕ ਗਣਿਤਕ ਕ੍ਰਮ (1,2,3,4,5.....) ਅਨੁਸਾਰ ਵਧਦੇ ਹਨ।

ਮਾਲਥਸ ਨੇ ਕਿਹਾ ਕਿ ਅਬਾਦੀ ਕਿਉਂਕਿ ਜ਼ਿਆਦਾ ਤੇਜ਼ੀ ਨਾਲ਼ ਵਧਦੀ ਹੈ ਤੇ ਗੁਜ਼ਾਰੇ ਦੇ ਸਾਧਨ ਨਾ-ਮਾਤਰ ਗਤੀ ਨਾਲ਼। ਇਸ ਲਈ ਵੱਧ ਅਬਾਦੀ ਹੀ ਗਰੀਬੀ-ਬੇਰੁਜ਼ਗਾਰੀ ਦਾ ਕਾਰਣ ਹੈ। ਮਾਲਥਸ ਨੇ ਆਪਣੇ ਦੁਆਰਾ ਘੜੇ ਇਸ ਬੇਬੁਨਿਆਦ ਅਬਾਦੀ ਸਿਧਾਂਤ ਨੂੰ ਸੱਚ ਸਾਬਿਤ ਕਰਨ ਲਈ ਕੁਤਰਕ ਕੀਤੇ। ਵਧਦੀ ਅਬਾਦੀ ਲਈ ਉਸਨੇ ਅਮਰੀਕਾ ਦੇ ਆਂਕੜੇ ਪੇਸ਼ ਕੀਤੇ ਅਤੇ ਗੁਜ਼ਾਰੇ ਦੇ ਸਾਧਨਾਂ ਦੇ ਵਾਧੇ ਨੂੰ ਦਿਖਾਉਣ ਲਈ ਫਰਾਂਸ ਦੇ! ਉਸਨੇ ਪੂਰੀ ਤਰ੍ਹਾਂ ਮਨੁੱਖਤਾ ਵਿਰੋਧੀ ਹੋ ਕੇ ਇਹ ਬਕਵਾਸ ਕੀਤੀ ਕਿ ਜੰਗਾਂ, ਮਹਾਂਮਾਰੀਆਂ ਅਤੇ ਕੁਦਰਤੀ ਆਫ਼ਤਾਂ ਆਦਿ ਮਨੁੱਖ ਜਾਤੀ ਲਈ ਵਰਦਾਨ ਦੀ ਤਰ੍ਹਾਂ ਹਨ ਕਿਉਂਕਿ ਇਹਨਾਂ ਨਾਲ਼ ਅਬਾਦੀ ਘੱਟਦੀ ਹੈ! ਮਾਲਥਸ ਦਾ ਅਬਾਦੀ ਸਿਧਾਂਤ ਭਾਂਵੇਂ ਕਿ ਵਿਗਿਆਨਕ ਤੌਰ 'ਤੇ ਪੂਰੀ ਤਰ੍ਹਾਂ ਗ਼ਲਤ ਸਾਬਤ ਕੀਤਾ ਜਾ ਚੁੱਕਾ ਹੈ ਪਰ ਫੇਰ ਵੀ ਲੋਕਾਂ ਨੂੰ ਮੂਰਖ ਬਣਾਉਣ ਲਈ ਸਰਮਾਇਦਾਰਾਂ ਦੁਆਰਾ ਲਗਾਤਾਰ ਇਸੇ ਦਾ ਪ੍ਰਚਾਰ ਕੀਤਾ ਜਾਂਦਾ ਹੈ। ਮਾਲਥਸ ਨੇ ਜਿਹੜੇ ਦੇਸ਼ਾਂ ਦੀਆਂ ਉਦਾਹਰਣਾਂ ਦਿੱਤੀਆਂ ਉਹਨਾਂ ਵਿੱਚ ਉਸ ਸਮੇਂ ਵੀ ਅਤੇ ਅੱਜ ਵੀ ਗੁਜ਼ਾਰੇ ਦੇ ਸਾਧਨਾਂ ਦਾ ਅਬਾਦੀ ਨਾਲੋਂ ਕਿਤੇ ਤੇਜ਼ੀ ਨਾਲ਼ ਅਤੇ ਕਿਤੇ ਵੱਧ ਵਿਕਾਸ ਹੋਇਆ। ਸਾਡੇ ਦੇਸ਼ ਦੇ ਹੀ ਅਰਥਚਾਰੇ 'ਤੇ ਜੇ ਨਜ਼ਰ ਮਾਰ ਲਈ ਜਾਵੇ ਤਾਂ ਸਾਰੀ ਗੱਲ ਸਪੱਸ਼ਟ ਹੋ ਜਾਂਦੀ ਹੈ। 1947 ਤੋਂ ਹੁਣ ਤੱਕ ਸਾਡੇ ਦੇਸ਼ ਦੀ ਅਬਾਦੀ ਲਗਭਗ ਸਵਾ ਤਿੰਨ ਗੁਣਾ ਵਧੀ ਹੈ ਪਰ ਪ੍ਰਤੀ ਵਿਅਕਤੀ ਔਸਤ ਆਮਦਨ ਇਸ ਤੋਂ ਕਿਤੇ ਜ਼ਿਆਦਾ ਵਧੀ ਹੈ। ਪਰ ਇਹ ਧਨ-ਦੌਲਤ ਜੋ ਵਧੀ ਉਸਦਾ ਵੱਡਾ ਹਿੱਸਾ ਤਾਂ ਟਾਟੇ-ਬਿਰਲੇ-ਰਿਲਾਇੰਸ ਵਰਗੇ ਮੁੱਠੀ ਭਰ ਅਮੀਰਾਂ ਕੋਲ ਇਕੱਠਾ ਹੋ ਗਿਆ। ਟਾਟਾ ਘਰਾਨਾ ਜਿਸਦੀ 1947 ਸਮੇਂ 100 ਕਰੋੜ ਰੁਪਏ ਦੇ ਲਗਭਗ ਦੀ ਸੰਪੱਤੀ ਸੀ, ਅੱਜ 150 ਹਜ਼ਾਰ ਕਰੋੜ ਤੋਂ ਵੀ ਵੱਧ ਸੰਪੱਤੀ ਦਾ ਮਾਲਕ ਹੈ।

ਅਬਾਦੀ ਗਰੀਬੀ-ਬੇਰੁਜ਼ਗਾਰੀ ਦਾ ਕਾਰਣ ਹੈ ਜਾਂ ਨਹੀਂ ਇਸ ਸਬੰਧ ਵਿੱਚ ਦੂਜੇ ਦੇਸ਼ਾਂ ਦੀਆਂ ਹਾਲਤਾਂ ਤੇ ਥੋੜੀ ਜਿਹੀ ਨਜ਼ਰ ਮਾਰ ਲੈਣੀ ਚਾਹੀਦੀ ਹੈ। ਅਮਰੀਕਾ, ਆਸਟ੍ਰੇਲੀਆ ਅਤੇ ਯੂਰਪੀ ਵਿਕਸਿਤ ਸਰਮਾਇਦਾਰ ਦੇਸ਼ ਅਜਿਹੇ ਹਨ ਜਿਥੇ ਅਬਾਦੀ ਜਾਂ ਤਾਂ ਸਥਿਰ ਹੈ ਜਾਂ ਲਗਾਤਾਰ ਘੱਟ ਰਹੀ ਹੈ। ਜਪਾਨ, ਫਰਾਂਸ ਅਤੇ ਆਸਟ੍ਰੇਲੀਆ ਦੀਆਂ ਸਰਕਾਰਾਂ ਨੇ ਤਾਂ ਇੱਕ ਤੋਂ ਵੱਧ ਬੱਚੇ ਪੈਦਾ ਕਰਨ ਲਈ ਇਨਾਮ ਵੀ ਰੱਖੇ ਹਨ। ਪਰ ਇਹਨਾਂ ਦੇਸ਼ਾਂ ਵਿੱਚ ਵੀ ਬੇਰੁਜ਼ਗਾਰੀ ਅਤੇ ਗਰੀਬੀ ਲਗਾਤਾਰ ਵੱਧ ਰਹੇ ਹਨ ਅਤੇ ਵਿਸਫ਼ੋਟਕ ਰੂਪ ਧਾਰਨ ਕਰ ਰਹੇ ਹਨ। ਅਮਰੀਕਾ ਦੇ ਲਗਭਗ ਤਿੰਨ ਕਰੋੜ ਲੋਕ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਹਨ। ਉਪਰਲੇ 3 ਲੱਖ ਅਮੀਰ ਅਮਰੀਕੀਆਂ ਕੋਲ ਹੇਠਲੇ 15 ਕਰੋੜ ਅਮਰੀਕੀਆਂ ਜਿਨਾਂ ਧਨ ਹੈ। ਅਮਰੀਕਾ ਵਿੱਚ ਅਮੀਰੀ-ਗਰੀਬੀ ਦਾ ਪਾੜਾ ਇਸ ਤੋਂ ਵੀ ਸਮਝਿਆ ਜਾ ਸਕਦਾ ਹੈ ਕਿ ਉਪਰਲੇ 10% ਅਮਰੀਕੀਆਂ ਕੋਲ ਅਮਰੀਕੀ ਸਮਾਜ ਦੇ ਕੁੱਲ ਧਨ ਦਾ 48.5% ਇਕੱਠਾ ਹੋ ਚੁੱਕਾ ਹੈ। ਉਥੇ ਬੇਰੁਜ਼ਗਾਰੀ 4.5% ਦੇ ਹਿਸਾਬ ਨਾਲ਼ ਵੱਧ ਰਹੀ ਹੈ। ਇਸ ਲਈ ਜਦੋਂ ਅਸੀਂ ਦੇਖਦੇ ਹਾਂ ਕਿ ਅਮਰੀਕਾ ਅਤੇ ਹੋਰ ਸਰਮਾਇਦਾਰ ਵਿਕਸਿਤ ਦੇਸ਼ਾਂ ਵਿੱਚ ਜਿਥੇ ਅਬਾਦੀ ਦੇ ਵਾਧੇ ਵਰਗੀ ਕੋਈ "ਸਮੱਸਿਆ" ਨਹੀਂ ਪਰ ਉਥੇ ਵੀ ਗਰੀਬੀ ਅਤੇ ਬੇਰੁਜ਼ਗਾਰੀ ਲਗਾਤਾਰ ਵਧਦੇ ਜਾ ਰਹੇ

ਹਨ ਤਾਂ ਅਬਾਦੀ ਨੂੰ ਸਭ ਸਮੱਸਿਆਵਾਂ ਦੀ ਜੜ੍ਹ ਦੱਸਣ ਵਾਲੇ ਸਰਮਾਇਦਾਰ ਸਿਧਾਂਤਾਂ ਦੀ ਫੂਕ ਨਿਕਲ ਜਾਂਦੀ ਹੈ।

ਭਾਰਤ ਦੀ ਅਬਾਦੀ ਔਸਤ ਵਾਧਾ ਦਰ 1980-1990 ਦੌਰਾਨ 2.4 ਪ੍ਰਤੀਸ਼ਤ ਸੀ ਅਤੇ ਨਾਲ਼ ਹੀ ਰੁਜ਼ਗਾਰ ਦੀ ਔਸਤ ਵਾਧਾ ਦਰ ਵੀ 2.4 ਪ੍ਰਤੀਸ਼ਤ ਹੀ ਸੀ। ਪਰ 1990 ਤੋਂ 2000 ਦੇ ਦਹਾਕੇ ਦੌਰਾਨ ਅਬਾਦੀ ਔਸਤ ਵਾਧਾ ਦਰ ਘੱਟ ਕੇ 1.8% ਰਹਿ ਗਈ। ਅਬਾਦੀ ਨੂੰ ਗਰੀਬੀ-ਬੇਰੁਜ਼ਗਾਰੀ ਦਾ ਕਾਰਣ ਦੱਸਣ ਵਾਲ਼ਿਆਂ ਨੂੰ ਇਸ ਸਵਾਲ ਦਾ ਜਵਾਬ ਦੇਣਾ ਚਾਹੀਦਾ ਹੈ ਕਿ ਜੇ ਅਬਾਦੀ ਦੀ ਵਧਣ ਦੀ ਰਫ਼ਤਾਰ ਘਟੀ ਹੈ ਤਾਂ ਰੁਜ਼ਗਾਰ ਦੀ ਰਫ਼ਤਾਰ ਵਧਣ ਦੀ ਬਜਾਏ ਘੱਟ ਕਿਉਂ ਗਈ ਕਿਉਂ ਕਿ 1990-2000 ਦੇ ਦਹਾਕੇ ਦੌਰਾਨ ਰੁਜ਼ਗਾਰ ਦੀ ਔਸਤ ਵਾਧਾ ਦਰ ਘੱਟ ਕੇ ਸਿਰਫ਼ 1% ਹੀ ਰਹਿ ਗਈ। ਇਹ ਇਸ ਲਈ ਹੋਇਆ ਕਿਉਂਕਿ 1990 ਤੋਂ ਬਾਅਦ ਉਦਾਰੀਕਰਨ-ਨਿਜੀਕਰਨ-ਵਿਸ਼ਵੀਕਰਨ ਦੇ ਅਨੁਸਾਰੀ ਜੋ ਨੀਤੀਆਂ ਭਾਰਤੀ ਹਾਕਮਾਂ ਦੁਆਰਾ ਲਾਗੂ ਕੀਤੀਆਂ ਗਈਆਂ ਉਹਨਾਂ ਕਾਰਨ ਭਾਰਤ ਵਿੱਚ ਸਰਮਾਇਦਾਰੀ ਵਿਕਾਸ ਬਹੁਤ ਤੇਜੀ ਨਾਲ਼ ਹੋਇਆ।

ਭਾਰਤ ਵਿੱਚ ਲਗਭਗ 10 ਕਰੋੜ ਬੱਚਿਆਂ ਤੋਂ ਪੜ੍ਹਨ-ਲਿਖਣ ਦੀ ਉਮਰ ਵਿੱਚ ਲੱਕ ਤੋੜਵੀਂ ਮਿਹਨਤ ਕਰਵਾਈ ਜਾਂਦੀ ਹੈ। ਜਿਸ ਦੇਸ਼ ਵਿੱਚ ਏਨੀ ਵੱਡੀ ਗਿਣਤੀ ਵਿੱਚ ਬਾਲ-ਮਜ਼ਦੂਰ ਹੋਣ ਉਥੇ ਕੰਮ ਨਾ ਹੋਣ ਦੀ ਗੱਲ ਕਰਨਾ ਇੱਕ ਭੈੜਾ ਮਜਾਕ ਨਹੀਂ ਤਾਂ ਹੋਰ ਕੀ ਹੈ ? ਭਾਂਵੇਂ ਕਿ ਮੌਜੂਦਾ ਸਰਮਾਇਦਾਰਾ ਢਾਂਚੇ ਦੇ ਅੰਦਰ ਇਸ ਦਾ ਕੋਈ ਹੱਲ ਸੰਭਵ ਨਹੀਂ ਹੈ ਪਰ ਫੇਰ ਵੀ ਜੇ ਸਰਮਾਇਦਾਰ ਕੁਤਰਕੀਆਂ ਦੁਆਰਾ ਫੈਲਾਏ ਜਾਂਦੇ ਭਰਮਾਂ ਦਾ ਪਰਦਾਫ਼ਾਸ਼ ਕਰਨਾ ਹੋਵੇ ਤਾਂ ਇਹ ਤਰਕ ਦਿੱਤਾ ਜਾ ਸਕਦਾ ਹੈ ਕਿ ਜੇ ਬਾਲ-ਮਜ਼ਦੂਰਾਂ ਨੂੰ ਮਜ਼ਦੂਰੀ ਤੋਂ ਹਟਾ ਕੇ ਪੜ੍ਹਨ ਲਈ ਸਕੂਲ ਭੇਜਿਆ ਜਾਵੇ ਤਾਂ ਪਹਿਲੇ ਨੰਬਰ ’ਤੇ ਹੋਵੇਗਾ ਇਹ ਕਿ 10 ਕਰੋੜ ਬਾਲਗ ਬੇਰੁਜ਼ਗਾਰਾਂ ਨੂੰ ਕੰਮ ਲਈ ਥਾਂ ਖਾਲੀ ਹੋ ਜਾਵੇਗੀ। ਫੇਰ ਬੱਚਿਆਂ ਨੂੰ ਸਿੱਖਿਆ ਦੇਣ ਲਈ ਬਿਲਡਿੰਗਾਂ, ਬੈਂਚ, ਕਿਤਾਬਾਂ ਆਦਿ ਤਿਆਰ ਕਰਨ ਲਈ ਵੀ ਕਿਰਤੀਆਂ ਦੀ ਲੋੜ ਹੋਵੇਗੀ। ਇਹ ਬੱਚੇ ਜਿਹਨਾਂ ਕੋਲ ਮੁਸ਼ਕਿਲ ਨਾਲ਼ ਇੱਕ ਜੋੜੀ ਫਟਿਆ ਪੁਰਾਣਾ ਪੈਂਟ-ਕਮੀਜ਼ ਹੁੰਦਾ ਹੈ ਉਹਨਾਂ ਨੂੰ ਸਕੂਲ ਦੀ ਵਰਦੀ ਅਤੇ ਹੋਰ ਕੱਪੜੇ ਮੁਹੱਈਆ ਕਰਵਾਉਣ ਲਈ ਵੀ ਕਾਮਿਆਂ ਦੀ ਲੋੜ ਪਵੇਗੀ। ਪਰ ਮੁਨਾਫ਼ੇ ਦੇ ਭੁੱਖੇ ਸਰਮਾਇਦਾਰ ਅਜਿਹਾ ਕਰਨਗੇ ਹੀ ਕਿਉਂ ?

ਵੈਸੇ ਵੀ ਇਨਸਾਨ ਜਦੋਂ ਪੈਦਾ ਹੁੰਦਾ ਹੈ ਤਾਂ ਸਿਰਫ਼ ਕੰਮ ਕਰਨ ਵਾਲ਼ੇ ਹੱਥ ਲੈ ਕੇ ਹੀ ਪੈਦਾ ਨਹੀਂ ਹੁੰਦਾ। ਜਿਉਂਦੇ ਰਹਿਣ ਲਈ ਕਿੰਨੀਆਂ ਹੀ ਲੋੜਾਂ ਵੀ ਨਾਲ਼ ਲੈ ਕੇ ਪੈਦਾ ਹੁੰਦਾ ਹੈ। ਇਹਨਾਂ ਲੋੜਾਂ ਨੂੰ ਪੂਰਾ ਕਰਨ ਵਾਸਤੇ ਕੰਮ ਕਰਨ ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ ਅਬਾਦੀ ਵਧਣ ਨਾਲ਼ ਸਿਰਫ਼ ਕੰਮ ਚਾਹੁਣ ਵਾਲ਼ੇ ਹੀ ਨਹੀਂ ਵਧਦੇ ਸਗੋਂ ਕਰਨ ਵਾਲ਼ਾ ਕੰਮ ਵੀ ਵਧਦਾ ਹੈ।

ਸਾਨੂੰ ਇਹ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਜਿਸ ਸਰਮਾਇਦਾਰਾ

ਢਾਂਚੇ ਵਿੱਚ ਰਹਿ ਰਹੇ ਹਾਂ ਉਹ ਹੀ ਗਰੀਬੀ-ਬੇਰੁਜ਼ਗਾਰੀ ਦੀ ਜੜ੍ਹ ਹੈ। ਸਰਮਾਇਦਾਰਾ ਢਾਂਚੇ ਵਿੱਚ ਪੈਦਾਵਾਰ ਦੇ ਸਾਧਨ (ਫੈਕਟਰੀਆਂ-ਜ਼ਮੀਨਾਂ ਆਦਿ) ਮੁੱਖ ਤੌਰ 'ਤੇ ਮੁੱਠੀ ਭਰ ਪੂੰਜੀਪਤੀ ਘਰਾਣਿਆਂ ਕੋਲ ਇਕੱਠੇ ਹੋ ਜਾਂਦੇ ਹਨ। ਸਰਮਾਇਦਾਰ ਹਮੇਸ਼ਾਂ ਚਾਹੁੰਦੇ ਹਨ ਕਿ ਉਹ ਘੱਟ ਤੋਂ ਘੱਟ ਮਜ਼ਦੂਰਾਂ ਤੋਂ ਵੱਧ ਤੋਂ ਵੱਧ ਕੰਮ ਲੈਣ ਅਤੇ ਉਹਨਾਂ ਨੂੰ ਘੱਟ ਤੋਂ ਘੱਟ ਤਨਖਾਹ ਦੇਣ। ਉਹ ਮਨੁੱਖ ਜਾਤੀ ਦੁਆਰਾ ਹਾਸਲ ਕੀਤੀ ਵਿਗਿਆਨਕ ਤਰੱਕੀ ਦਾ ਇਸਤੇਮਾਲ ਆਪਣੇ ਨਿੱਜੀ ਹਿੱਤਾਂ ਵਾਸਤੇ ਕਰਦੇ ਹਨ, ਆਪਣਾ ਮੁਨਾਫ਼ਾ ਵਧਾਉਣ ਲਈ ਕਰਦੇ ਹਨ। ਇਸੇ ਲਈ ਜਦੋਂ ਨਵੀਆਂ ਉੱਨਤ ਮਸ਼ੀਨਾਂ ਫੈਕਟਰੀਆਂ ਵਿੱਚ ਆਉਂਦੀਆਂ ਹਨ ਤਾਂ ਮਜ਼ਦੂਰਾਂ ਦੀ ਇੱਕ ਬਹੁਤ ਵੱਡੀ ਗਿਣਤੀ ਦੀ ਛਾਂਟੀ ਕਰ ਦਿੱਤੀ ਜਾਂਦੀ ਹੈ। ਸਰਮਾਇਦਾਰ ਢਾਂਚੇ ਵਿੱਚ ਵੱਡਾ ਸਰਮਾਇਦਾਰ ਹਮੇਸ਼ਾਂ ਹੀ ਛੋਟੇ ਸਰਮਾਏ ਨੂੰ ਨਿਗਲਦਾ ਰਹਿੰਦਾ ਹੈ। ਛੋਟੇ ਗਰੀਬ ਕਿਸਾਨ, ਛੋਟੇ ਵਪਾਰੀ, ਛੋਟੇ ਕਾਰਖਾਨੇਦਾਰ ਆਦਿ ਲਗਾਤਾਰ ਵੱਡੇ ਸਰਮਾਇਦਾਰਾਂ ਦੇ ਮੁਕਾਬਲੇ ਵਿੱਚ ਹਾਰਦੇ ਰਹਿੰਦੇ ਹਨ। ਉਹਨਾਂ ਕੋਲ ਜੋ ਥੋੜ੍ਹੇ-ਬਹੁਤ ਪੈਦਾਵਾਰ ਦੇ ਸਾਧਨ ਬਚੇ ਵੀ ਹੁੰਦੇ ਹਨ ਉਹ ਵੀ ਲਗਾਤਾਰ ਖੁਸਦੇ ਰਹਿੰਦੇ ਹਨ। ਇਹ ਸਭ ਉਜੜ ਕੇ ਮਜ਼ਦੂਰ ਭਾਵ ਨਵੇਂ ਉਜਰਤੀ ਗੁਲਾਮ ਬਣਨ ਲਈ ਲਾਈਨ ਵਿੱਚ ਲੱਗ ਜਾਂਦੇ ਹਨ। ਸਰਮਾਇਦਾਰ ਢਾਂਚਾ ਜੋ ਸਿਰਫ਼ ਮੁਨਾਫ਼ੇ ਲਈ ਪੈਦਾਵਾਰ ਕਰਦਾ ਹੈ, ਮੁਨਾਫ਼ੇ ਲਈ ਹੀ ਰੁਜ਼ਗਾਰ ਪੈਦਾ ਕਰਦਾ ਹੈ ਨਾ ਕਿ ਲੋਕਾਂ ਦੀਆਂ ਬੁਨਿਆਦੀ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ, ਕਦੇ ਵੀ ਸਾਰੇ ਕੰਮ ਕਰਨ ਯੋਗ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਨਹੀਂ ਕਰਵਾ ਸਕਦਾ। ਸਗੋਂ ਬੇਰੁਜ਼ਗਾਰੀ ਵੀ ਸਰਮਾਇਦਾਰਾਂ ਵਾਸਤੇ ਇੱਕ ਵਰਦਾਨ ਹੀ ਸਾਬਿਤ ਹੁੰਦੀ ਹੈ। ਬੇਰੁਜ਼ਗਾਰ ਆਪਣਾ ਅਤੇ ਆਪਣੇ ਪਰਿਵਾਰ ਦਾ ਢਿੱਡ ਭਰਨ ਦੀ ਖ਼ਾਤਰ ਮਜ਼ਬੂਰੀ ਵਿੱਚ ਘੱਟ ਤਨਖਾਹ 'ਤੇ ਕੰਮ ਕਰਨ ਨੂੰ ਵੀ ਤਿਆਰ ਹੋ ਜਾਂਦੇ ਹਨ। ਇਸ ਵਜ੍ਹਾ ਕਰਕੇ ਬੇਰੁਜ਼ਗਾਰਾਂ ਦੀਆਂ ਹਾਲਤਾਂ ਤਾਂ ਭੈੜੀਆਂ ਹੁੰਦੀਆਂ ਹੀ ਹਨ, ਨਾਲ਼ ਹੀ ਜਿਹੜੇ ਰੁਜ਼ਗਾਰ 'ਤੇ ਲੱਗੇ ਵੀ ਹੁੰਦੇ ਹਨ ਉਹ ਵੀ ਨਰਕ ਵਰਗੀ ਜ਼ਿੰਦਗੀ ਜਿਉਣ ਲਈ ਮਜਬੂਰ ਕਰ ਦਿੱਤੇ ਜਾਂਦੇ ਹਨ। ਰੁਜ਼ਗਾਰ ਉਤੇ ਅਸੁਰੱਖਿਆ ਦੀ ਤਲਵਾਰ ਹਮੇਸ਼ਾਂ ਲਟਕਦੀ ਰਹਿੰਦੀ ਹੈ। ਬੇਰੁਜ਼ਗਾਰਾਂ—ਅਰਧ-ਬੇਰੁਜ਼ਗਾਰਾਂ ਦੀ ਫ਼ੌਜ ਰੋਜ਼ਾਨਾ ਕੁਰਬਲ-ਕੁਰਬਲ ਕਰਦੀ, ਸਨਅਤੀ ਇਲਾਕਿਆਂ ਵਿੱਚ ਫੈਕਟਰੀ ਗੇਟਾਂ 'ਤੇ ਰੁਜ਼ਗਾਰ ਦੀ ਆਸ ਵਿੱਚ ਮੂੰਹ ਲਟਕਾਏ ਖੜੀ ਦੇਖੀ ਜਾ ਸਕਦੀ ਹੈ। ਸਰਮਾਇਦਾਰ ਢਾਂਚੇ ਵਿੱਚ ਮਜ਼ਦੂਰਾਂ ਨੂੰ ਸਿਰਫ਼ ਉਨਾਂ ਹੀ ਮਿਲਦਾ ਹੈ ਕਿ ਉਹ ਦੂਜੇ ਦਿਨ ਕੰਮ 'ਤੇ ਆ ਸਕਣ। ਸਰਮਾਇਦਾਰ ਬਾਲਗਾਂ ਦੇ ਮੁਕਾਬਲੇ ਬੱਚਿਆਂ ਤੋਂ ਕੰਮ ਕਰਾਉਣਾ ਜ਼ਿਆਦਾ ਪਸੰਦ ਕਰਦੇ ਹਨ ਕਿਉਂਕਿ ਜਿਸ ਕੰਮ ਲਈ ਬਾਲਗ ਮਜ਼ਦੂਰ 2000 ਰੁਪਏ ਲੈਂਦਾ ਹੈ ਉਸੇ ਲਈ ਬੱਚੇ ਨੂੰ 400-500 ਰੁਪਏ ਦੇ ਕੇ ਕੰਮ ਸਾਰ ਦਿੱਤਾ ਜਾਂਦਾ ਹੈ। ਉਹ ਯੂਨੀਅਨ ਵੀ ਨਹੀਂ ਬਣਾ ਸਕਦੇ। ਇਹਨਾਂ ਹੀ ਕਾਰਨਾਂ ਕਰਕੇ ਬਹੁਤ ਸਾਰੇ ਧੰਦਿਆਂ ਵਿੱਚ ਮਰਦਾਂ ਦੇ ਮੁਕਾਬਲੇ ਔਰਤਾਂ ਨੂੰ ਜ਼ਿਆਦਾ ਤਰਜੀਹ ਦਿੱਤੀ ਜਾਂਦੀ ਹੈ।

ਸਰਮਾਇਦਾਰ ਢਾਂਚੇ ਵਿੱਚ ਅਮੀਰੀ-ਗਰੀਬੀ ਦੇ ਪਾੜੇ ਲਗਾਤਾਰ ਵਧਦੇ ਜਾਂਦੇ ਹਨ

ਕਿਉਂਕਿ ਸਰਮਾਇਦਾਰ ਦੀ ਧਨ ਦੀ ਭੁੱਖ ਕਦੇ ਸ਼ਾਂਤ ਨਹੀਂ ਹੁੰਦੀ। ਉਹ ਮਜ਼ਦੂਰਾਂ ਦੀਆਂ ਤਨਖਾਹਾਂ ਲਗਾਤਾਰ ਘੱਟ ਕਰਦੇ ਜਾਂਦੇ ਹਨ। ਉਹ ਤਾਂ ਇਹ ਵੀ ਚਾਹੁਣਗੇ ਕਿ ਜਦੋਂ ਮਜ਼ਦੂਰ ਕੰਮ ਕਰਨ ਯੋਗ ਨਾ ਰਹੇ ਤਾਂ ਉਸਦੀਆਂ ਹੱਡੀਆਂ ਦਾ ਪਾਊਡਰ ਬਣਾ ਕੇ ਵੇਚ ਦਿੱਤਾ ਜਾਵੇ ਤਾਂ ਕਿ ਉਹਨਾਂ ਦੀ ਧਨ-ਦੌਲਤ ਹੋਰ ਵਧ ਜਾਵੇ। ਇਹਨਾਂ ਆਦਮ-ਖੋਰ ਸਰਮਾਇਦਾਰ ਲੁਟੇਰਿਆਂ ਦੀ ਭੁੱਖ ਦੇ ਹੀ ਨਤੀਜੇ ਦੇ ਤੌਰ ’ਤੇ ਹੀ ਨਿਠਾਰੀ ਕਾਂਡ ਵਰਗੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ। ਸੱਟੇ-ਬਜ਼ਾਰ ਦੁਆਰਾ ਅੱਜ ਧਨਾਢ ਕਿਸੇ ਕਿਸਮ ਦੀ ਪੈਦਾਵਾਰ ਵਿੱਚ ਨਿਵੇਸ਼ ਕੀਤੇ ਤੋਂ ਬਿਨਾਂ ਹੀ ਅਰਬਾਂ-ਖਰਬਾਂ ਰੁਪਏ ਕਮਾ ਰਹੇ ਹਨ ਅਤੇ ਦੂਜੇ ਪਾਸੇ ਗਰੀਬਾਂ ਦੀ ਹਾਲਤ ਦਿਨ-ਬ-ਦਿਨ ਭਿਅੰਕਰ ਹੁੰਦੀ ਜਾਂਦੀ ਹੈ।

ਉਹ ਜਿਨ੍ਹਾਂ ਦਾ ਸਵਰਗ ਇਸੇ ਵਿਵਸਥਾ ਦੇ ਅੰਦਰ ਹੈ ਉਹ ਇਸਦੀ ਕਰੂਰਤਾ ’ਤੇ ਪਰਦਾ ਪਾਉਣ ਦੀ ਕੋਸ਼ਿਸ਼ ਵਿੱਚ ਲੱਗੇ ਰਹਿੰਦੇ ਹਨ। ਉਹ ਅਬਾਦੀ ਸਿਧਾਂਤ ਦੀ ਤਰ੍ਹਾਂ ਹੋਰ ਵੀ ਕਈ ਕੁਤਰਕ ਕਰਦੇ ਹਨ। ਉਹ ਲੋਕਾਂ ਨੂੰ ਬੁੱਧੂ ਬਣਾਉਣ ਦੀ ਕੋਸ਼ਿਸ਼ ਕਰਦੇ ਹੋਏ ਕਹਿੰਦੇ ਹਨ ਕਿ ਤੁਸੀਂ ਪਿਛਲੇ ਜਨਮਾਂ ਵਿੱਚ ਬੁਰੇ ਕੰਮ ਕੀਤੇ, ਇਸੇ ਦੀ ਸਜ਼ਾ ਦੇ ਵਜੋਂ ਤੁਹਾਨੂੰ ਇਹ ਗਰੀਬੀ ਹਾਸਿਲ ਹੋਈ! ਉਹ 14-14 ਘੰਟੇ ਹੱਡ ਭੰਨਵੀਂ ਮਿਹਨਤ ਕਰਨ ਵਾਲ਼ੇ ਕਿਰਤੀਆਂ ਨੂੰ ਕਹਿੰਦੇ ਹਨ ਕਿ ਤੁਸੀਂ ਕੰਮ ਨਹੀਂ ਕਰਦੇ ਇਸੇ ਲਈ ਭੈੜੀ ਜ਼ਿੰਦਗੀ ਜਿਉਂਦੇ ਹੋ! ਤੁਸੀਂ ਪੜ੍ਹੇ ਨਹੀਂ! ਤੁਹਾਡੀਆਂ ਨੌਕਰੀਆਂ ਦੂਜੇ ਧਰਮਾਂ , ਦੂਜੇ ਇਲਾਕਿਆਂ, ਦੂਜੀਆਂ ਜਾਤਾਂ ਵਾਲ਼ਿਆਂ ਨੇ ਖੋਹ ਲਈਆਂ! ਪਰ ਅਸਲ ਵਿੱਚ ਇਹ ਸੱਚਾਈ ਕਿ ਸਰਮਾਇਦਾਰ ਢਾਂਚਾ ਸਭ ਨੂੰ ਸਿੱਖਿਆ ਅਤੇ ਰੁਜ਼ਗਾਰ ਮੁਹੱਈਆ ਕਰਵਾ ਹੀ ਨਹੀਂ ਸਕਦਾ, ਕਿ ਇਸ ਢਾਂਚੇ ਵਿੱਚ ਜ਼ਿਆਦਾਤਰ ਲੋਕ ਜਾਨਵਰਾਂ ਵਰਗੀਆਂ ਹਾਲਤਾਂ ਤੋਂ ਬਾਹਰ ਨਹੀਂ ਕੱਢੇ ਜਾ ਸਕਦੇ, ਉਤੇ ਕੁਤਰਕਾਂ ਦੀ ਬਦਬੂਦਾਰ ਚਾਦਰ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਸਰਮਾਇਦਾਰ ਲੁਟੇਰੇ ਲੋਕਾਂ ਨੂੰ ਸੱਚਾਈ ਕਦੇ ਵੀ ਨਹੀਂ ਦੱਸਣਗੇ। ਉਹ ਤਾਂ ਰੋਜ਼ ਸਵੇਰੇ ਉਠਣ ਸਾਰ ਹੀ ਮੁਰਗੇ ਵਾਂਗ ਵੱਧ ਅਬਾਦੀ ਦੇ ਸਿਧਾਂਤ ਦੀ ਬਾਂਗ ਦਿੰਦੇ ਰਹਿਣਗੇ। ਪਰ ਜਦੋਂ ਲੋਕਾਂ ਨੂੰ ਇਹਨਾਂ ਭਰਮਾਂ ਤੋਂ ਮੁਕਤ ਕਰ ਲਿਆ ਗਿਆ ਤਾਂ ਇਸ ਮੁਰਗੇ ਦੀ ਗਰਦਨ ਮਰੋੜਨ ਵਿੱਚ ਥੋੜੀ ਵੀ ਦੇਰ ਨਹੀਂ ਲੱਗੇਗੀ। ਇਸ ਲੋਕ-ਦੋਖੀ ਸਰਮਾਇਦਾਰਾ ਢਾਂਚੇ ਨੂੰ ਤਬਾਹ ਕਰਕੇ ਅਜਿਹਾ ਸਮਾਜ ਬਣਾਇਆ ਜਾਣਾ ਚਾਹੀਦਾ ਹੈ ਜਿਥੇ ਪੈਦਾਵਾਰ ਦੇ ਸਾਧਨ ਕਿਰਤੀਆਂ ਦੀ ਮਲਕੀਅਤ ਹੋਣ ਨਾ ਕਿ ਮੁੱਠੀ ਭਰ ਵਿਹਲੜਾਂ ਦੀ। ਇੱਕ ਅਜਿਹਾ ਸਮਾਜ ਜਿੱਥੇ ਕੰਮ ਕਰਨ ਵਾਲ਼ਿਆਂ ਨੂੰ ਹੀ ਖਾਣ ਦਾ ਹੱਕ ਹੋਵੇ। ਅਜਿਹੇ ਸਮਾਜ ਅੰਦਰ ਲੋਕਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਪੈਦਾਵਾਰ ਕੀਤੀ ਜਾਵੇਗੀ ਨਾ ਕਿ ਕਿਸੇ ਸਰਮਾਇਦਾਰਾਂ ਦੇ ਮੁਨਾਫ਼ੇ ਨੂੰ ਧਿਆਨ ’ਚ ਰੱਖ ਕੇ ਕਿਉਂਕਿ ਅਜਿਹੇ ਸਮਾਜ ਵਿੱਚ ਸਰਮਾਇਦਾਰ ਹੋਣਗੇ ਹੀ ਨਹੀਂ। ਸਿਰਫ ਸਮਾਜਵਾਦੀ ਢਾਂਚੇ ਵਾਲ਼ੇ ਸਮਾਜ ਵਿੱਚ ਹੀ ਗਰੀਬੀ ਅਤੇ ਬੇਰੁਜ਼ਗਾਰੀ ਦਾ ਪੱਕਾ ਇਲਾਜ ਕੀਤਾ ਜਾ ਸਕਦਾ ਹੈ।

# ਵਸੋਂ : ਇੱਕ ਸਮੱਸਿਆ ?

**• ਮੀਨਾਲੀ ਚੱਕਰਵਰਤੀ**

ਦੋਸਤਾਂ-ਜਾਣਕਾਰਾਂ ਨਾਲ਼ ਗੱਪਸ਼ਪ ਕਰਦੇ ਹੋਏ ਕਿੰਨੀ ਵਾਰੀ ਗੱਲ ਵਸੋਂ 'ਤੇ ਆ ਕੇ ਰੁਕਦੀ ਹੈ। ਇਹ ਸਾਡਾ ਸਭ ਦਾ ਤਜ਼ਰਬਾ ਹੈ– ਪਾਣੀ ਦੀ ਸਮੱਸਿਆ, ਰੋਜ਼ੀ-ਰੋਟੀ ਦੀ ਸਮੱਸਿਆ, ਗਰੀਬੀ-ਬਦਹਾਲੀ ਦੀ ਸਮੱਸਿਆ, ਜਰਾਇਮ ਅਤੇ ਸਮਗਲਿੰਗ ਦੀ ਸਮੱਸਿਆ, ਆਦਿ-ਆਦਿ, ਲੈ-ਦੇ ਕੇ ਸਾਰੀਆਂ ਸੱਮਸਿਆਵਾਂ ਦੀ ਜੜ੍ਹ ਸਾਡੀ ਵਿਸ਼ਾਲ ਵਸੋਂ ਹੈ। ਇਸ ਗੱਲ 'ਤੇ ਘੱਟ ਜਾਂ ਵੱਧ ਇੱਕ ਆਮ ਰਾਏ ਜਿਹੀ ਬਣ ਜਾਂਦੀ ਹੈ। ਜੇਕਰ ਤੁਸੀਂ ਵੀ ਇਸ ਤਰਕ ਨਾਲ਼ ਸਹਿਮਤ ਹੋ, ਤਾਂ ਤੁਸੀਂ ਨਿਸ਼ਚਿੰਤ ਰਹੋ, ਤੁਸੀਂ ਬਹੁਮਤ 'ਚ ਹੋ। ਨਾਲ਼ੇ ਹੋਵੇ ਵੀ ਕਿਉਂ ਨਾ, ਮਨੁੱਖ ਜਾਤੀ ਦੀ ਵਸੋਂ ਤਕਰੀਬਨ 650 ਕਰੋੜ ਹੈ, ਜੋ ਕਿ ਮਨੁੱਖੀ ਇਤਿਹਾਸ 'ਚ ਪਹਿਲੀ ਵਾਰ ਹੋਇਆ ਹੈ। ਸਾਡੇ ਆਪਣੇ ਦੇਸ਼ ਦੀ ਅਬਾਦੀ ਕਰੀਬ 110 ਕਰੋੜ ਹੈ, ਯਾਣੀ ਹਰ ਛੇਵਾਂ ਵਿਅਕਤੀ ਭਾਰਤੀ ਹੈ। ਚੌਤਰਫ਼ਾ ਜਿੱਥੇ ਵੀ ਦੇਖੀਏ — ਸਰਕਾਰ ਤੋਂ ਲੈ ਕੇ ਬੁੱਧੀਜੀਵੀ ਤਬਕਾ, ਨੌਜਵਾਨ ਪੀੜ੍ਹੀ ਤੋਂ ਲੈ ਕੇ ਬਜ਼ੁਰਗ– ਇਸ "ਵਿਕਰਾਲ" ਸੱਮਸਿਆ ਤੋਂ ਬਹੁਤ ਚਿੰਤਤ ਹਨ ਅਤੇ ਉਸ ਨਾਲ਼ ਨਜਿੱਠਣ ਦੀ ਫ਼ਿਕਰ 'ਚ ਰੁੱਝੇ ਹੋਏ ਹਨ। ਦੇਸ਼ੀ-ਵਿਦੇਸ਼ੀ ਗੈਰ-ਸਰਕਾਰੀ ਅਤੇ ਸਰਕਾਰੀ ਸੰਸਥਾਵਾਂ ਇਸ ਸੱਮਸਿਆ ਨਾਲ਼ ਜੂਝਣ ਲਈ ਪ੍ਰਾਜੈਕਟ ਬਣਾ ਰਹੀਆਂ ਹਨ, ਅਰਬਾਂ-ਖਰਬਾਂ ਰੁਪਏ ਵਹਾ ਰਹੀਆਂ ਹਨ। ਯੂ.ਐਨ.ਐਫ਼.ਪੀ.ਏ. (ਯੂਨਾਇਟੇਡ ਨੇਸ਼ਨਜ਼ ਪਾਪੁਲੇਸ਼ਨ ਫੰਡ) ਇੱਕ ਪੂਰਾ ਸੰਸਥਾਨ ਹੈ, ਜਿਹੜਾ 1967 ਤੋਂ ਵਸੋਂ 'ਤੇ ਕੰਟਰੋਲ ਦੇ ਪ੍ਰੋਗਰਾਮਾਂ 'ਚ ਲੱਗਿਆ ਹੋਇਆ ਹੈ। ਜ਼ਾਹਿਰ ਹੈ ਉਹਨਾਂ ਦੇ ਸਾਰੇ ਪ੍ਰਾਜੈਕਟ ਤੀਜੀ ਦੁਨੀਆ ਦੇ ਦੇਸ਼ਾਂ 'ਤੇ ਕੇਂਦਰਿਤ ਹਨ।

ਜਾਣਕਾਰਾਂ 'ਚੋਂ, ਕੁਝ ਤਾਂ ਨਰਮੀ ਨਾਲ਼ ਇਹਨਾਂ ਬੱਚਾ-ਪੈਦਾ ਕਰਨ ਵਾਲ਼ੀਆਂ ਮਸ਼ੀਨਾਂ ਤੋਂ ਗ੍ਰਸਿਤ ਵਸੋਂ ਨੂੰ ਪਿਆਰ-ਪੁਚਕਾਰ ਦੀ ਭਾਸ਼ਾ ਨਾਲ਼ ਸਮਝਾਉਣ 'ਚ ਵਿਸ਼ਵਾਸ ਰੱਖਦੇ ਹਨ। ਪਰ ਕੁਝ ਹਸਤੀਆਂ ਨੂੰ ਡਰ ਹੈ ਕਿ ਪਾਣੀ ਸਿਰ ਤੋਂ ਉਤਾਂਹ ਚਲਾ ਗਿਆ ਹੈ ਅਤੇ ਹੁਣ ਪਿਆਰ-ਪੁਚਕਾਰ ਦੀ ਭਾਸ਼ਾ ਦੀ ਅੱਯਾਸ਼ੀ ਅਸੀਂ ਸਹਿਣ ਨਹੀਂ ਕਰ ਸਕਦੇ। ਹੁਣ ਤਾਂ ਇਹਨਾਂ ਨਾਸਮਝਾਂ 'ਤੇ ਜ਼ਬਰੀ ਹੀ ਕੁਝ ਤੌਰ-ਤਰੀਕਿਆਂ ਦੀ ਵਰਤੋਂ ਕਰਨੀ ਪਏਗੀ, ਨਹੀਂ ਤਾਂ ਇਹ ਧਰਤੀ ਹੀ ਸੰਕਟ 'ਚ ਆ ਜਾਏਗੀ। ਨਾਲ਼ੇ ਅਸੀਂ ਇਹ ਦੇਖ ਰਹੇ ਹਾਂ ਕਿ ਬੁੱਧੀਜੀਵੀਆਂ ਅਤੇ ਨੀਤੀ ਘਾੜਿਆਂ ਦੇ ਅਹਿਮ ਤਬਕੇ 'ਚ ਇਹ ਦੂਜਾ ਤਰੀਕਾ ਅਪਣਾਉਣ ਵਾਲ਼ੇ ਜ਼ੋਰ ਫੜਦੇ ਜਾ ਰਹੇ ਹਨ।

ਹੁਣ ਇਹ ਤਾਂ ਅਸੀਂ-ਤੁਸੀਂ ਵੀ ਮੰਨਾਂਗੇ ਕਿ ਇੱਕਵੀਂ ਸਦੀ 'ਚ ਪ੍ਰਵੇਸ਼ ਕਰਨ ਦੇ ਬਾਵਜੂਦ ਮਨੁੱਖੀ ਸਮਾਜ ਭਿਆਨਕ ਤੰਗੀ, ਬਦਹਾਲੀ ਅਤੇ ਗਰੀਬੀ ਨਾਲ਼ ਜੂਝ ਰਿਹਾ ਹੈ।

ਸ਼ਹਿਰਾਂ ਦੀਆਂ ਗੰਦੀਆਂ ਬਸਤੀਆਂ ਤੋਂ ਲੈ ਕੇ ਪਿੰਡ ਤੱਕ, ਅਫ਼ਰੀਕਾ ਅਤੇ ਏਸ਼ੀਆ ਤੋਂ ਲੈ ਕੇ ਲਾਤੀਨੀ ਅਮਰੀਕਾ ਤੱਕ, ਇੱਥੋਂ ਤੱਕ ਕਿ ਕਈ ਵਿਕਸਿਤ ਮੁਲਕ ਵੀ ਬੁਨਿਆਦੀ ਸਮੱਸਿਆਵਾਂ ਨਾਲ਼ ਗ੍ਰਸਿਤ ਹਨ। ਹੁਣੇ ਦੀ ਹੀ ਇਕ ਰਿਪੋਰਟ ਅਨੁਸਾਰ, ਅਮਰੀਕਾ ’ਚ ਵੀ 490 ਲੱਖ ਲੋਕ ਭੁੱਖੇ ਸੌਂਦੇ ਹਨ (ਨਿਊਯਾਰਕ ਟਾਈਮਜ਼, 18 ਨੰਵਬਰ 2009)। ਤਾਂ ਕੀ ਅਸੀਂ ਵੀ ਇਹ ਮੰਨ ਲਈਏ ਕਿ ਵਸੋਂ ਹੀ ਸਾਰੀ ਸਮਸਿਆ ਦੀ ਜੜ੍ਹ ਹੈ ? ਆਓ ਵਿਸਥਾਰ ਨਾਲ਼ ਵੇਖੀਏ।

ਆਧੁਨਿਕ ਇਤਿਹਾਸ ’ਚ, ਯੋਜਨਾਬੱਧ ਤਰੀਕੇ ਨਾਲ਼ ਵੱਧਦੀ ਵਸੋਂ ਦੇ ਖਤਰੇ ’ਤੇ ਰੌਸ਼ਨੀ ਪਾਉਣ ਵਾਲ਼ਿਆਂ ’ਚ ਸ਼ਾਇਦ ਸਭ ਤੋਂ ਪਹਿਲੇ ਵਿਅਕਤੀ ਹਨ ਰੇਵਰੇਂਡ ਥਾਮਸ ਮਾਲਥਸ। ਇਹ ਅੰਗਰੇਜ਼ ਪਾਦਰੀ ਆਪਣੇ-ਆਪ ਨੂੰ ਗਣਿਤ ਵਿਗਿਆਨੀ ਮੰਨਦੇ ਸਨ ਅਤੇ ਸਮਾਜਿਕ ਸਮੱਸਿਆਵਾਂ ਦਾ ਗਣਿਤਕ ਅਧਾਰ ਲੱਭਣ ’ਚ ਯਤਨਸ਼ੀਲ ਰਹਿੰਦੇ ਸਨ। ਅਠਾਰ੍ਹਵੀਂ ਸਦੀ ਦੇ ਅੰਤ ’ਚ ਇੰਗਲੈਂਡ ’ਚ ਸਨਅਤੀ ਇਨਕਲਾਬ ਜ਼ੋਰ ਫੜ ਰਿਹਾ ਸੀ। ਇਸਦਾ ਅਸਰ ਕਾਰੋਬਾਰੀ ਸਮਾਜ ’ਤੇ ਤਾਂ ਬਹੁਤ ਲਾਭਦਾਇਕ ਸੀ, ਪਰ ਆਮ ਲੋਕਾਂ ਦੀ ਹਾਲਤ ਬੇਹੱਦ ਤਰਸਯੋਗ ਸੀ। ਲੋਕ ਭੁੱਖ ਨਾਲ਼ ਬੇਹਾਲ, ਮੌਸਮ ਨਾਲ਼ ਨਜਿੱਠਣ ’ਚ ਨਾਕਾਮ, ਮੱਖੀਆਂ ਦੀ ਤਰ੍ਹਾਂ ਮਰ ਰਹੇ ਸਨ। ਸ਼ਹਿਰਾਂ ਦਾ ਇਹ ਹਾਲ ਸੀ ਕਿ ਚਾਰੇ ਪਾਸੇ ਗੰਦਗੀ ਦਾ ਮੰਜ਼ਰ, ਇੱਕ-ਇੱਕ ਕਮਰੇ ’ਚ 20-25 ਲੋਕ ਤੁੰਨੇ ਰਹਿਣ ਨੂੰ ਮਜ਼ਬੂਰ, ਤਿੰਨ-ਚਾਰ ਸਾਲ ਦੇ ਬੱਚੇ ਵੀ ਫੈਕਟਰੀ ਅਤੇ ਖਾਣਾਂ ਦੇ ਦਮਘੋਟੂ ਮਾਹੌਲ ’ਚ ਕੰਮ ਕਰਨ ਲਈ ਮਜ਼ਬੂਰ। ਆਮ ਬਿਮਾਰੀ ਵੀ ਹਰ ਵਾਰੀ ਮਹਾਂਮਾਰੀ ਦਾ ਰੂਪ ਲੈ ਲੈਂਦੀ। ਇਸ ਮਾਹੌਲ ’ਚ ਸਾਡੇ ਰੇਂਵਰੇਂਡ ਮਾਲਥਸ ਨੇ ਇਹ ਹਿਸਾਬ ਲਗਾਇਆ ਕਿ ਵਸੋਂ ਤਾਂ 2,4,8,16,32 ਦੀ ਰਫ਼ਤਾਰ ਨਾਲ਼ ਯਾਣੀ ਜਿਊਮੈਟਰਿਕ ਪ੍ਰੋਗਰੇਸ਼ਨ ’ਚ ਹੀ ਵੱਧ ਸਕਦੀ ਹੈ। ਅੰਨ ਦਾ ਉਤਪਾਦਨ ਮਹਿਜ਼ 2,4,6,8,10 ਦੀ ਰਫਤਾਰ ਨਾਲ਼ ਯਾਣੀ ਅਰਿਥਮੇਟਿਕ ਪ੍ਰੋਗ੍ਰੇਸ਼ਨ ’ਚ ਹੀ ਵੱਧ ਸਕਦਾ ਹੈ। ਇਸ ਕਾਰਨ ਜਲਦੀ ਹੀ ਵਸੋਂ ਇੰਨੀ ਵੱਧ ਜਾਵੇਗੀ ਕਿ ਧਰਤੀ ’ਤੇ ਅੰਨ ਦਾ ਸੰਕਟ ਪੈਦਾ ਹੋ ਜਾਵੇਗਾ। ਮਾਲਥਸ ਸਾਹਬ ਆਪਣੀ ਇਸ ਖੋਜ ਤੋਂ ਇੰਨੇ ਡਰ ਗਏ ਕਿ ਉਹਨਾਂ ਨੇ 1798 ’ਚ ਇੱਕ ਕਿਤਾਬ ਲਿਖ ਮਾਰੀ ‘ਏਨ ਐਸੇ ਆਨ ਦੀ ਪ੍ਰਿੰਸੀਪਲ ਆਫ਼ ਪਾਪੁਲੇਸ਼ਨ।’ ਉਸ ਕਿਤਾਬ ’ਚ ਉਹਨਾਂ ਨੇ ਇਸ “ਵਿਕਰਾਲ” ਸੱਮਸਿਆ ਬਾਰੇ ਵਿਸਥਾਰ ਨਾਲ਼ ਲਿਖਿਆ, ਇਹ ਵੀ ਭੱਵਿਖਬਾਣੀ ਕੀਤੀ ਕਿ ਸੰਨ 1890 ’ਚ ਮਨੁੱਖੀ ਵਸੋਂ ਸਮੁੱਚੇ ਅੰਨ ਉਤਪਾਦਨ ਨੂੰ ਪਾਰ ਕਰ ਜਾਵੇਗੀ। ਇਕ ਚੰਗੇ ਖੋਜ ਵਿਦਿਆਰਥੀ ਦੀ ਤਰਜ਼ ’ਤੇ ਉਹਨਾਂ ਨੇ ਇਸ ਭੀਸ਼ਣ ਸੰਕਟ ਤੋਂ ਉੱਭਰਨ ਦਾ ਉਪਾਅ ਵੀ ਸੁਝਾਇਆ। ਉਪਾਅ ਸਿੱਧਾ ਸੀ — “ਅਮੀਰ ਜਮਾਤ ਦੇ ਹਿੱਸੇ ਦੇ ਕਾਫ਼ੀ ਸਾਧਨ ਕਾਇਮ ਰੱਖਣ ਲਈ ਗਰੀਬਾਂ ਨੂੰ ਮਾਰਨਾ ਹੋਵੇਗਾ।” ਉਹਨਾਂ ਦੀ ਹੀ ਕਿਤਾਬ ਤੋਂ ਕੁਝ ਸਤਰਾਂ ਦੇਖੋ।

“ਵਸੋਂ ਨੂੰ ਇੱਕ ਸਤੁੰਲਿਤ ਮਿੱਕਦਾਰ ’ਚ ਬਣਾਈ ਰੱਖਣ ਲਈ ਜਿੰਨੇ ਬੱਚੇ ਜ਼ਰੂਰੀ ਹਨ ਉਹਨਾਂ ਦੇ ਇਲਾਵਾ ਬੱਚਿਆਂ ਨੂੰ ਜ਼ਰੂਰਤ ਅਨੁਸਾਰ ਖ਼ਤਮ ਹੋ ਜਾਣਾ ਹੋਵੇਗਾ, ਨਹੀਂ ਤਾਂ ਬਾਲਗਾਂ ਨੂੰ ਮਾਰ ਕੇ ਉਹਨਾਂ ਲਈ ਥਾਂ ਬਣਾਉਣੀ ਪਏਗੀ...। ਇਸ ਲਈ ਸਾਨੂੰ ਕੁਦਰਤੀ

ਨਿਯਮਾਂ ਨਾਲ਼ ਮੌਤ ਅਸਾਨ ਕਰਨੀ ਹੋਵੇਗੀ, ਨਾ ਕਿ ਬੇਵਕੂਫ਼ੀਵੱਸ ਉਸ 'ਚ ਰੋੜਾ ਅਟਕਾਈਏ, ਨਾਲੇ ਜੇਕਰ ਸਾਨੂੰ ਵਾਰੀ-ਵਾਰੀ ਆਉਣ ਵਾਲ਼ੀ ਭੁੱਖਮਰੀ ਤੋਂ ਡਰ ਲੱਗਦਾ ਹੈ, ਤਾਂ ਸਾਨੂੰ ਪੱਕੀ ਲਗਨ ਨਾਲ਼ ਦੂਜੀਆਂ ਵਿਨਾਸ਼ਕਾਰੀ ਤਾਕਤਾਂ ਨੂੰ ਹੱਲਾਸ਼ੇਰੀ ਦੇਣੀ ਹੋਵੇਗੀ, ਜਿਹੜੀਆਂ ਕੁਦਰਤ ਨੂੰ ਮਜ਼ਬੂਰਨ ਅਪਣਾਉਣੀਆਂ ਪੈਂਦੀਆਂ ਹਨ। ਸਾਨੂੰ ਗਰੀਬਾਂ ਨੂੰ ਸਾਫ਼ ਸੁਥਰਾ ਰੱਖਣ ਦੀ ਬਜਾਏ ਗੰਦਗੀ ਦੀ ਆਦਤ ਪਾਉਣੀ ਪਏਗੀ। ਆਪਣੇ ਸ਼ਹਿਰਾਂ 'ਚ ਸਾਨੂੰ ਹੋਰ ਸੌੜੀਆਂ ਗਲੀਆਂ ਬਣਵਾਉਣੀਆਂ ਪੈਣਗੀਆਂ ਅਤੇ ਘਰਾਂ 'ਚ ਹੋਰ ਜ਼ਿਆਦਾ ਲੋਕ ਤੁੰਨਣੇ ਪੈਣਗੇ, ਨਾਲ਼ੇ ਸਾਨੂੰ ਪਲੇਗ ਵਰਗੀਆਂ ਮਹਾਂਮਾਰੀਆਂ ਨੂੰ ਖੁੱਲੇ ਹੱਥਾਂ ਨਾਲ਼ ਸੱਦਾ ਦੇਣਾ ਹੋਵੇਗਾ। ਪਿੰਡ ਵੱਲ ਸਾਨੂੰ ਪੂਰੇ-ਪੂਰੇ ਕਸਬੇ ਗੰਦੇ, ਸੜਦੇ ਹੋਏ ਤਲਾਬ, ਨਾਲ਼ੇ ਦੇ ਨੇੜੇ ਵਸਾਉਣੇ ਹੋਣਗੇ ਅਤੇ ਲੋਕਾਂ ਨੂੰ ਬੇਨਤੀ ਕਰਨੀ ਹੋਵੇਗੀ ਕਿ ਉਹ ਆਪਣੇ ਘਰ ਵੱਧ ਤੋਂ ਵੱਧ ਗੈਰ-ਸਿਹਤਮੰਦ ਮਾਹੌਲ 'ਚ ਬਣਾਉਣ।" (ਏਨ ਐਸੇ ਆਨ ਪ੍ਰਿੰਸੀਪਲ ਆਫ ਪਾਪੁਲੇਸ਼ਨ, ਭਾਗ 5, ਚੈਪਟਰ 5)

ਮਾਲਥਸ ਸਭ ਤੋਂ ਜ਼ਿਆਦਾ ਨਰਾਜ਼ ਡਾਕਟਰਾਂ ਤੋਂ ਸਨ। ਉਹਨਾਂ ਦਾ ਕਹਿਣਾ ਸੀ ਕਿ ਇਹ "ਭਲੇ, ਪਰ ਗੁੰਮਰਾਹ ਲੋਕ ਮਨੁੱਖ ਜਾਤੀ ਦੀ ਭਲਾਈ ਦੇ ਨਾਂ 'ਤੇ ਉਸਦਾ ਪੂਰੀ ਤਰ੍ਹਾਂ ਵਿਨਾਸ਼ ਕਰਨ 'ਤੇ ਉਤਾਰੂ ਹਨ।"

ਇਹ ਕਿਤਾਬ ਬਹੁਤ ਸਰਾਹੀ ਗਈ, ਖਾਸ ਕਰਕੇ ਅਮੀਰ ਜਮਾਤਾਂ 'ਚ। ਯਾਦ ਰੱਖਣਾ ਕਿ ਮਾਲਥਸ ਅਤੇ ਉਹਨਾਂ ਦੇ ਪ੍ਰਸ਼ੰਸਕ-ਸਮਰਥਕ ਪਿਛੜੇ ਮੁਲਕਾਂ ਦੀ ਨਹੀਂ, ਸਗੋਂ ਇੰਗਲੈਂਡ ਦੀ ਗੱਲ ਕਰ ਰਹੇ ਸਨ। ਉਹਨਾਂ ਮਗਰੋਂ ਇਹਨਾਂ ਸਵਾ ਦੋ ਸੌ ਵਰ੍ਹਿਆਂ 'ਚ ਕਈ ਵਾਰੀ ਇਸ ਵਿਚਾਰ ਨੇ ਜ਼ੋਰ ਫੜਿਆ। 19ਵੀਂ ਸਦੀ ਦੇ ਪਿਛਲੇ ਅੱਧ 'ਚ ਡਾਰਵਿਨ ਅਤੇ ਫਿਰ ਉਹਨਾਂ ਮਗਰੋ ਉਹਨਾਂ ਦੇ ਹੀ ਰਿਸ਼ਤੇਦਾਰ ਫਰਾਂਸਿਸ ਗਾਲਟਨ ਨੇ ਇਸ ਵਿਚਾਰ ਨੂੰ ਵਿਗਿਆਨਕ ਤਰਕ ਦਾ ਜਾਮਾ ਪਹਿਨਾਇਆ। ਉਹਨਾਂ ਦਾ ਮੰਨਣਾ ਸੀ ਕਿ ਗਰੀਬਾਂ ਦਾ ਵੱਡੀ ਤਦਾਦ 'ਚ ਵਾਧੇ ਨਾਲ਼ ਮਨੁੱਖ ਪ੍ਰਜਾਤੀ ਹੌਲ਼ੀ-ਹੌਲ਼ੀ ਮੰਦਬੁੱਧੀ ਹੁੰਦੀ ਜਾ ਰਹੀ ਹੈ (ਕਿਉਂਕਿ ਗਰੀਬ ਮੰਦਬੁੱਧੀ ਹੁੰਦੇ ਹਨ ਅਤੇ ਉਹਨਾਂ ਦੀ ਗਿਣਤੀ ਜ਼ਿਆਦੀ ਹੋਣ 'ਤੇ ਔਸਤ ਅਕਲ ਘੱਟ ਜਾਵੇਗੀ) ਇਸ ਪ੍ਰਕ੍ਰਿਆ ਨੂੰ ਰੋਕਣ ਲਈ ਗਾਲਟਨ ਸਾਹਬ ਨੇ"ਯੂਜੈਨਿਕਸ" ਦਾ ਢੰਗ ਸੁਝਾਇਆ। ਸਾਧਾਰਣ ਭਾਸ਼ਾ 'ਚ ਇਸਦਾ ਮਤਲਬ ਹੈ — "ਚੰਗੀ ਨਸਲ ਦਾ ਪ੍ਰਜਣਨ"। ਉਹਨਾਂ ਮਗਰੋਂ ਮਾਰਗਰੇਟ ਸੈਂਗਰ ਨਾਂ ਦੀ ਇਕ ਪ੍ਰਸਿੱਧ ਸਮਾਜਸੇਵੀ ਔਰਤ ਨੇ "ਪਲਾਂਡ ਪੇਰੇਂਟਹੁਡ" ਦੀ ਸ਼ੁਰੂਆਤ ਕੀਤੀ — ਯਾਨੀ ਯੋਜਨਾਬੱਧ ਇੱਕ ਬੱਚੇ ਦਾ ਜਨਮ। ਉਹਨਾਂ ਦਾ ਮੰਨਣਾ ਸੀ ਕਿ ਗਰੀਬਾਂ ਦੀ ਮਦਦ ਕਰਨਾ ਮਾਨਵਤਾ ਦੇ ਖਿਲਾਫ਼ ਹੈ ਅਤੇ ਮਨੁੱਖ-ਜਾਤੀ ਨੂੰ ਇਸਦੀ ਭਾਰੀ ਕੀਮਤ ਚੁਕਾਉਣੀ ਪੈ ਸਕਦੀ ਹੈ। ਸੈਂਗਰ ਦਾ ਮੰਨਣਾ ਸੀ ਕਿ ਗਰੀਬਾਂ ਨੂੰ ਬੱਚੇ ਪੈਦਾ ਹੀ ਨਹੀਂ ਕਰਨੇ ਚਾਹੀਦੇ ਅਤੇ ਲੋੜ ਪੈਣ 'ਤੇ ਉਹਨਾਂ ਦੀ ਨਸਬੰਦੀ ਕਰਵਾ ਦੇਣੀ ਚਾਹੀਦੀ ਹੈ। ਉਹਨਾਂ ਦਾ ਕਹਿਣਾ ਸੀ ਕਿ ਜਿਵੇਂ ਸੁੰਦਰ ਬਗੀਚੇ ਬਣਾਉਣ ਲਈ ਨਦੀਂਨ ਉਖਾੜ ਸੁੱਟਣਾ ਜ਼ਰੂਰੀ ਹੈ ਉਂਞ ਹੀ ਗੁਣਵੱਤਾ ਬਣਾਈ ਰੱਖਣ ਲਈ ਗਰੀਬ ਲੋਕਾਂ ਨੂੰ ਬੱਚੇ

ਪੈਦਾ ਕਰਨਾ ਰੋਕਣਾ ਲਾਜ਼ਿਮੀ ਹੈ। ਉਹਨਾਂ ਦਾ ਇਹ ਤਰਕ ਉਸ ਜ਼ਮਾਨੇ ਦੇ ਧਨੀ ਲੋਕਾਂ ਨੂੰ ਖ਼ੂਬ ਰਾਸ ਆਇਆ, ਜਿਵੇਂ ਕਿ ਰਾਕਫ਼ੇਲਰ, ਡਿਊਕ, ਲਾਸਕਰ, ਡਪੋਂਟ ਆਦਿ ਨੂੰ। ਵੀਹਵੀਂ ਸਦੀ ਵਿੱਚ ਜਰਮਨਾਂ ਨੇ ਇਸੇ ਨੂੰ ਅਮਲ 'ਚ ਲਿਆਉਣ ਦਾ ਯਤਨ ਕੀਤਾ। ਇਸੇ ਕਾਰਨ ਤਕਰੀਬਨ ਸੱਠ ਲੱਖ ਯਹੂਦੀਆਂ ਦਾ ਕਤਲ ਕਰ ਦਿੱਤਾ ਗਿਆ। ਉਸ ਮਗਰੋਂ ਹਰ ਕੁਝ ਸਾਲ 'ਚ ਉਹ ਵਸੋਂ ਨੂੰ ਜ਼ਬਰੀ ਘੱਟ ਕਰਨ ਵਾਲ਼ਾ ਮੁੱਦਾ ਜ਼ੋਰ ਫੜਦਾ ਆਇਆ ਹੈ। ਐਂਮਰਜੈਂਸੀ ਦੌਰਾਨ ਇਸ ਮੁਲਕ 'ਚ ਸੰਜੈ ਗਾਂਧੀ ਦੀ ਅਗਵਾਈ 'ਚ ਜਿਹੜੀ ਮੁਹਿੰਮ ਛਿੜੀ ਸੀ, ਉਸ ਦੀਆਂ ਯਾਦਾਂ ਸਾਨੂੰ ਸਤਾਉਂਦੀਆਂ ਹਨ। ਮਗਰਲੇ ਕੁਝ ਵਰ੍ਹਿਆਂ ਤੋਂ ਇਹ ਵਿਚਾਰ ਫਿਰ ਜ਼ੋਰ-ਸ਼ੋਰ ਨਾਲ਼ ਮੁੜ ਆ ਰਿਹਾ ਹੈ। ਕਈਆਂ ਨੂੰ ਕਹਿੰਦੇ ਸੁਣਿਆ ਜਾਂਦਾ ਹੈ ਕਿ "ਸਾਹਬ, ਹੁਣ ਚੰਗਾ ਲੱਗੇ ਜਾਂ ਬੁਰਾ, ਤਰੀਕਾ ਤਾਂ ਉਹੀ ਹੈ। ਹੁਣ ਸਰਜਨ ਦੀ ਛੁਰੀ ਦੇ ਹੇਠਾਂ ਆਉਣਾ ਕਿਸਨੂੰ ਚੰਗਾ ਲੱਗਦਾ ਹੈ, ਪਰ ਹੁਣ ਅੰਗ ਸੜ ਜਾਵੇ ਜਾਂ ਫਿਰ ਕੈਂਸਰ ਹੋਵੇ, ਤਾਂ ਫਿਰ ਉਸਦੇ ਬਿਨਾਂ ਚਾਰਾ ਨਹੀਂ। ਹੁਣ ਚੀਨ ਨੂੰ ਹੀ ਵੇਖ ਲਉ, ਕਿੰਨਾ ਅੱਗੇ ਨਿਕਲ ਗਿਆ। ਉਸਦਾ ਸਖ਼ਤ 'ਇੱਕ-ਬੱਚਾ-ਪਰਿਵਾਰ ਕਾਨੂੰਨ' ਹੀ ਇਸਦੀ ਮੁੱਖ ਵਜ੍ਹਾ ਹੈ।

ਇੰਨੇ ਸਾਰੇ ਗਿਆਨੀ-ਗੁਣੀ ਸੈਂਕੜੇ ਵਰ੍ਹਿਆਂ ਤੋਂ ਜਿਹੜੀ ਗੱਲ ਕਹਿ ਰਹੇ ਹਨ, ਤਾਂ ਚਲੋ ਥੋੜੀ ਦੇਰ ਲਈ ਕੁਝ ਲੋਕਾਂ ਨੂੰ ਕੁਰਬਾਨੀ ਦੇਣੀ ਪਏਗੀ। ਹੁਣ ਮਨ ਮਾਰਕੇ ਇਹ ਕਦਮ ਵੀ ਜੇਕਰ ਚੁੱਕਣਾ ਪਏ, ਤਾਂ ਦੇਖਦੇ ਹਾਂ ਉਸਦਾ ਅਸਰ ਕੀ ਹੋਵੇਗਾ! ਕਿੰਨੇ ਲੋਕਾਂ ਦੇ ਘੱਟ ਹੋ ਜਾਣ ਨਾਲ ਹਾਲਤ 'ਚ ਗੁਣਾਤਮਕ ਬਦਲਾਅ ਨਜ਼ਰ ਆਵੇਗਾ — 10 ਫੀਸਦੀ, 20

**ਟੇਬਲ-1**

| **ਸਰੋਤ** | **ਧਰਤੀ ਦੀ ਕੁੱਲ ਵਸੋਂ ਦੀ ਹੇਠਲੀ 20% ਦੁਆਰਾ ਖਪਤ (ਸਭ ਤੋਂ ਗਰੀਬ)** | **ਧਰਤੀ ਦੀ ਕੁੱਲ ਵਸੋਂ ਦੀ ਉੱਪਰੀ 20% ਦੁਆਰਾ ਖਪਤ (ਸਭ ਤੋਂ ਅਮੀਰ)** |
|---|---|---|
| ਦੁਨੀਆਂ ਦੀ ਕੁੱਲ ਨਿੱਜੀ ਖਪਤ ਵਿੱਚ ਹੋਣ ਵਾਲੇ ਖਰਚੇ 'ਚ ਹਿੱਸਾ | 1.3% | 86% |
| ਦੁਨੀਆਂ ਦੇ ਕੁੱਲ ਮਾਸ ਖਪਤ 'ਚ ਹਿੱਸਾ | 5% | 45% |
| ਦੁਨੀਆਂ ਦੀ ਕੁੱਲ ਊਰਜਾ ਖਪਤ 'ਚ ਹਿੱਸਾ | 4% | 58% |
| ਦੁਨੀਆਂ ਦੀਆਂ ਕੁੱਲ ਟੈਲੀਫੋਨ ਲਾਈਨਾਂ ਇਸਤੇਮਾਲ ਕਰਨ 'ਚ ਹਿੱਸਾ | 1.5% | 74% |
| ਦੁਨੀਆਂ ਦੇ ਕੁੱਲ ਵਾਹਨ ਇਸਤੇਮਾਲ 'ਚ ਹਿੱਸਾ | 1% | 87% |

ਸਰੋਤ : ਹਿਊਮਨ ਡਿਵਲਪਮੈਂਟ ਰਿਪੋਰਟ 1998 ਓਵਰਵਿਊ ਯੂ.ਐਨ.ਡੀ.ਪੀ. 1995

ਫੀਸਦੀ, 30-40 ਫੀਸਦੀ ਜਾਂ 50 ਫੀਸਦੀ ? ਚਲੋ, 20 ਫੀਸਦੀ ਮੰਨ ਕੇ ਚਲਦੇ ਹਾਂ। ਆਉ ਵੇਖੀਏ, 20 ਫੀਸਦੀ ਵਸੋਂ ਘੱਟ ਹੋਣ ਨਾਲ ਕੀ ਫ਼ਰਕ ਪਏਗਾ। ਟੇਬਲ -1 'ਚ ਦੇਖਦੇ ਹਾਂ ਕਿ ਹੇਠਾਂ ਤੋਂ 20 ਫੀਸਦੀ ਵਸੋਂ ਘੱਟ ਕਰਨ ਨਾਲ ਯਾਣੀ 100 'ਚ ਸਭ ਤੋਂ ਗਰੀਬ 20 ਫੀਸਦੀ ਲੋਕ ਅਤੇ ਉੱਪਰ ਤੋਂ ਸਭ ਤੋਂ ਅਮੀਰ 20 ਫੀਸਦੀ ਲੋਕ ਘਟਣ ਨਾਲ ਸ੍ਰੋਤਾਂ ਦੀ ਮੌਜੂਦਗੀ 'ਚ ਕਿੰਨਾ ਫ਼ਰਕ ਆਵੇਗਾ।

ਜਿਵੇਂ ਕਿ ਟੇਬਲ-1 ਸਾਫ਼ ਜ਼ਾਹਿਰ ਹੈ ਕਿ 20 ਫੀਸਦੀ ਵਸੋਂ ਘੱਟ ਹੋਣ 'ਤੇ ਨਿਸ਼ਚਿਤ ਤੌਰ 'ਤੇ ਸ੍ਰੋਤਾਂ ਦੀ ਮੌਜੂਦਗੀ 'ਚ ਫ਼ਰਕ ਆਵੇਗਾ, ਪਰ ਇਹ ਹੇਠਾਂ ਦੇ 20 ਫੀਸਦੀ ਗਰੀਬਾਂ ਦੀ ਬਜਾਏ ਉਪਰ ਦੇ 20 ਫੀਸਦੀ ਅਮੀਰਾਂ ਨੂੰ ਹਟਾਉਣ ਨਾਲ ਹੋਵੇਗਾ। ਕੁੱਲ ਨਿੱਜੀ ਖਪਤ 'ਤੇ ਖਰਚ ਦਾ 86 ਫੀਸਦੀ ਲੋਕ ਖਪਤ ਕਰ ਰਹੇ ਹਨ — ਜੇਕਰ ਉਹ ਘੱਟ ਕਰਨ, ਤਾਂ ਬਾਕੀ ਬਚੇ ਲੋਕਾਂ ਨੂੰ ਔਸਤਨ ਵਰਤਮਾਨ 'ਚ ਉਪਲਬਧ ਸਮੱਗਰੀ ਤੋਂ (ਜਿਹੜੀ 14 ਫੀਸਦੀ ਹੈ) ਛੇ ਗੁਣਾ ਜ਼ਿਆਦਾ ਮਿਲ ਸਕੇਗੀ। ਉਂਝ ਹੀ ਮਾਸ-ਮੱਛੀ ਦੁੱਗਣੀ ਜਿਆਦਾ ਮਿਲੇਗੀ, ਊਰਜਾ ਤਕਰੀਬਨ ਦੁੱਗਣੀ, ਵਹੀਕਲ ਛੇ ਗੁਣਾ ਜ਼ਿਆਦਾ ਆਦਿ। ਤਾਂ ਫਿਰ ਕਰ ਦਿੱਤੀ ਜਾਵੇ ਇਹ ਨੀਤੀ ਲਾਗੂ ? ਕੀ ਸੰਜੈ ਗਾਂਧੀ ਦਾ ਸਮਰਥਨ ਕਰਨ ਵਾਲ਼ੇ, ਵੱਡੇ-ਵੱਡੇ ਵਿਦਵਾਨ ਇਸ ਨੀਤੀ 'ਤੇ ਆਪਣੀ ਮੁਹਰ ਲਗਾਉਣਗੇ ? ਜਾਂ ਫਿਰ ਗ਼ਰੀਬਾਂ 'ਤੇ, ਜਿਹੜੇ ਆਪਣੀ ਗੱਲ ਕਿਸੇ ਗੋਸ਼ਠੀ 'ਚ ਰੱਖ ਨਹੀਂ ਸਕਦੇ, ਅਸਾਨੀ ਨਾਲ ਲਾਗੂ ਹੋਣ ਵਾਲ਼ੇ ਨਿਯਮ, ਅਮੀਰਾਂ 'ਤੇ ਆਉਂਦੇ ਹੀ ਕਿਉਂ ਡਾਵਾਂਡੋਲ ਹੋ ਜਾਂਦੇ ਹਨ ? ਆਖ਼ਰ ਇਹਨਾਂ ਗਰੀਬਾਂ ਦਾ ਸਫ਼ਾਇਆ ਕਰਨ ਨਾਲ਼ ਕਿੰਨਾ ਬਚੂਗਾ ? ਸੌ 'ਚੋਂ ਹੇਠਾਂ ਦੇ ਵੀਹ ਲੋਕ ਘੱਟ ਹੋਣ 'ਤੇ ਮਹਿਜ਼ 1 ਫੀਸਦੀ, 1.5 ਫੀਸਦੀ ਜਾਂ ਜਿਆਦਾ ਤੋਂ ਜ਼ਿਆਦਾ 4 ਫੀਸਦੀ ? ਹੋਇਆ ਨਾ ਹਿਸਾਬ ਟੇਢਾ ?

ਆਉ, ਮਰਨ-ਮਰਾਉਣ ਤੋਂ ਥੋੜ੍ਹਾ ਹਟ ਕੇ ਠੰਡੇ ਦਿਮਾਗ ਨਾਲ਼ ਇਹ ਪਤਾ ਲਗਾਈਏ ਕਿ ਆਖ਼ਰ ਸਾਡੀ ਧਰਤੀ 'ਤੇ ਕਿੰਨੇ ਸ੍ਰੋਤ ਹਨ ਅਤੇ ਸਹੀ ਢੰਗ ਨਾਲ ਵੰਡ ਕਰਨ 'ਤੇ ਹਰੇਕ ਦੇ ਹਿੱਸੇ ਕਿੰਨਾ ਆਉਂਦਾ ਹੈ। ਅਸੀਂ ਬੁਨਿਆਦੀ ਲੋੜਾਂ 'ਤੇ ਗੌਰ ਕਰਦੇ ਹਾਂ। ਪਹਿਲਾਂ, ਰਹਿਣ ਦੀ ਥਾਂ ਨੂੰ ਲਉ। ਹੁਣ ਤੁਹਾਡੇ ਹਿਸਾਬ ਨਾਲ਼ ਇਕ ਵਿਅਕਤੀ ਨੂੰ ਰਹਿਣ ਲਈ ਕਿੰਨੀ ਥਾਂ ਚਾਹੀਦੀ ਹੈ ? ਹੁਣ ਰਹਿਣ ਨੂੰ ਤਾਂ ਸੁਣਿਆ ਹੈ ਮੁੰਬਈ-ਜਿਹੇ ਸ਼ਹਿਰਾਂ 'ਚ ਇਕ 8 ਫੁੱਟ ਦੇ ਕਮਰੇ 'ਚ 6-8 ਆਦਮੀ ਰਹਿ ਲੈਂਦੇ ਹਨ — ਹਰ ਦਿਨ ਸਰਵਜਨਿਕ ਟਾਇਲਟਾਂ 'ਚ ਘੰਟਿਆਂ ਲਾਇਨ 'ਚ ਲਗਣਾ ਪੈਂਦਾ ਹੈ। ਗੰਦੀਆਂ ਬਸਤੀਆਂ 'ਚ ਤਾਂ ਪਾਲੀਥੀਨ ਦੇ ਛੱਪਰਾਂ ਹੇਠਾਂ ਕਰੋੜਾਂ ਲੋਕ ਗੁਜ਼ਾਰਾ ਕਰਦੇ ਹਨ, ਜਿੱਥੇ ਭਾਰਤੀ ਰੇਲ ਦੀ ਪਟਰੀ ਟਾਇਲਟ ਲਈ ਮਹਿਜ਼ ਇੱਕ ਜਗਾ ਹੁੰਦੀ ਹੈ। ਪਰ ਮੈਂ ਇਸਦੀ ਗੱਲ ਨਹੀਂ ਕਰ ਰਹੀ ਹਾਂ, ਮੈਂ ਤਾਂ ਇਹ ਅੰਦਾਜ਼ਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹਾਂ ਕਿ ਸੁਵਿਧਾ, ਅਰਾਮ ਲਈ ਕਿੰਨੀ ਜਗਾ ਦੀ ਲੋੜ ਹੈ ? ਅੱਛਾ, ਦੂਜੀ ਤਰ੍ਹਾਂ ਨਾਲ਼ ਹਿਸਾਬ ਲਗਾਉਂਦੇ ਹਾਂ। ਹੁਣ ਇਸ ਧਰਤੀ 'ਤੇ ਵਸੋਂ ਕਰੀਬ 6.5 ਅਰਬ ਹੈ। ਕੀ ਤੁਹਾਨੂੰ ਪਤਾ ਹੈ ਕਿ ਜੇਕਰ ਅਸੀਂ ਹਰ ਵਿਅਕਤੀ ਨੂੰ ਤਕਰੀਬਨ 1240 ਵਰਗ ਫੁੱਟ ਥਾਂ ਦੇ ਦੇਈਏ (ਤੁਹਾਡੀ ਜਾਣਕਾਰੀ ਲਈ ਦੱਸ ਦੇਈਏ, ਸ਼ਹਿਰਾਂ 'ਚ

ਇੰਨਾਂ ਖੇਤਰਫ਼ਲ ਐਚ.ਆਈ.ਜੀ (ਹਾਈ ਇਨਕਮ ਗਰੁੱਪ) ਫਲੈਟਸ ਦਾ ਹੁੰਦਾ ਹੈ, ਯਾਨੀ ਸਮਾਜ ਦੀ ਸਭ ਤੋਂ ਅਮੀਰ ਜਮਾਤ ਕੋਲ), ਤਾਂ ਇਸ ਹਿਸਾਬ ਨਾਲ ਧਰਤੀ ਦੇ ਸਾਰੇ ਲੋਕਾਂ ਨੂੰ ਵਸਾਉਣ ਲਈ ਕਿੰਨੀ ਥਾਂ ਚਾਹੀਦੀ ਹੈ? ਮੈਂ ਦੱਸਦੀ ਹਾਂ, ਸਾਡੇ ਦੇਸ਼ ਦੇ ਦੋ ਸੂਬਿਆਂ ਮਹਾਂਰਾਸਟਰ ਅਤੇ ਮੱਧਪ੍ਰਦੇਸ਼ ਦੇ ਖੇਤਰਫ਼ਲ (ਕੁੱਲ 8000 ਅਰਬ ਵਰਗ ਫੁਟ) ਜਿੰਨੀ ਥਾਂ! ਹੁਣ ਥੋੜੀ ਹੋਰ ਗਣਨਾ। ਕਿਉਂਕਿ ਆਮ ਤੌਰ ’ਤੇ ਇਨਸਾਨ ਇੱਕਲਾ ਘਰ ’ਤੇ ਨਹੀਂ ਰਹਿੰਦਾ, ਪਰਿਵਾਰ ’ਚ ਰਹਿੰਦਾ ਹੈ, ਇਹ ਮੰਨ ਲਈਏ ਕਿ ਚਾਰ-ਚਾਰ ਵਿਅਕਤੀਆਂ ਦਾ ਪਰਿਵਾਰ ਹੈ ਤਾਂ ਫਿਰ ਉਸੇ ਖੇਤਰਫ਼ਲ ’ਚ ਇੱਕ-ਇੱਕ ਪਰਿਵਾਰ ਨੂੰ ਕਰੀਬ 5,000 ਵਰਗ ਫੀਟ ਥਾਂ ਮਿਲੇਗੀ, ਯਾਨੀ ਇੱਕ ਵੱਡਾ ਘਰ ਸਾਰੀਆਂ ਸੁਵਿਧਾਵਾਂ ਸਮੇਤ, ਸਾਹਮਣੇ ਫੁੱਲਾਂ ਦਾ ਬਗੀਚਾ, ਪਿੱਛੇ ਸਬਜੀਆਂ ਦੀਆਂ ਕਿਆਰੀਆਂ, ਸ਼ਾਇਦ ਥੋੜੀ ਖੇਤੀ ਵੀ, ਇੱਕ-ਅੱਧਾ ਪਸ਼ੂ ਬੰਨਣ/ਚਰਾਉਣ ਲਈ ਥਾਂ ਵੀ ਨਿਕਲ ਆਵੇਗੀ। ਸੋਚੋ, ਸਾਰੀ ਦੁਨੀਆ ਦੀ ਵਸੋਂ ਮਹਿਜ਼ ਦੋ ਸੂਬਿਆਂ ਦੇ ਬਰਾਬਰ ਖੇਤਰਫਲ ’ਚ ਸਮਾ ਸਕਦੀ ਹੈ। ਭਾਵੇਂ ਇੱਥੇ ਇਹ ਮੰਨ ਲਿਆ ਗਿਆ ਹੈ ਕਿ ਉਹ ਪੱਧਰੀ ਜ਼ਮੀਨ ਹੋਵੇਗੀ — ਨਦੀ, ਨਾਲਾ, ਟਿੱਲਾ, ਪਹਾੜ, ਜੰਗਲ, ਕੁਝ ਨਹੀਂ, ਪਰ ਫਿਰ ਵੀ ਬਾਕੀ ਪੂਰੀ ਧਰਤੀ ਖਾਲੀ! ਲੱਗਦਾ ਹੈ ਥਾਂ ਦੀ ਤਾਂ ਕੋਈ ਕਮੀ ਨਹੀਂ ਹੈ।

ਆਓ, ਹੁਣ ਅੰਨ ’ਤੇ ਚਲਦੇ ਹਾਂ — ਜਿਸ ਬਾਰੇ ਮਾਲਥਸ ਤੋਂ ਲੈ ਕੇ ਪੀੜ੍ਹੀ ਦਰ ਪੀੜ੍ਹੀ ਫਿਕਰਮੰਦ ਰਹੀ ਹੈ। ਹੁਣੇ ਹੀ ਸੰਨ 2007 ’ਚ ਪੂਰੀ ਦੁਨੀਆ ’ਚ ਭੀਸ਼ਣ ਅੰਨ ਸੰਕਟ ਆ ਗਿਆ ਸੀ। ਮਾਹਰਾਂ ਦਾ ਮੰਨਣਾ ਹੈ ਕਿ ਵਰਤਮਾਨ ਸਮੇਂ ’ਚ ਦੁਨੀਆਂ ਦੇ ਕਰੀਬ ਇੱਕ ਅਰਬ ਲੋਕ ਭੁੱਖੇ ਸੌਂਦੇ ਹਨ, ਯਾਨੀ ਹਰ ਛੇਵੇਂ ਜਾਂ ਸੱਤਵੇਂ ਵਿਅਕਤੀ ਨੂੰ ਲੋੜ ਤੋਂ ਘੱਟ ਖਾਣਾ ਮਿਲਦਾ ਹੈ। ਇਹ ਵਾਕਈ ਗੰਭੀਰ ਸੱਮਸਿਆ ਹੈ। ਆਉ, ਥੋੜੀ ਹੋਰ ਡੂੰਘਾਈ ਨਾਲ਼ ਜਾਂਚ ਕਰੀਏ। ਖਾਦ ਪਦਾਰਥ ਕਈ ਤਰ੍ਹਾਂ ਦੇ ਹੁੰਦੇ ਹਨ, ਜਿਵੇਂ ਕਿ ਅਨਾਜ, ਦਾਲਾਂ, ਸਾਗ, ਸਬਜੀ, ਫਲ, ਬਦਾਮ, ਜੜਾਂ, ਮਾਸ, ਮਛਲੀ ਆਦੀ। ਮਾਸ ਸਾਨੂੰ ਉਹਨਾਂ ਜਾਨਵਰਾਂ ਤੋਂ ਮਿਲਦਾ ਹੈ, ਜਿਹੜੇ ਜਾਂ ਤਾਂ ਘਾਹ ਚਰਦੇ ਹਨ ਜਾਂ ਫਿਰ ਅਨਾਜ ਖਾਂਦੇ ਹਨ। ਪਰ ਗੌਰ ਕਰਨ ਵਾਲ਼ੀ ਗੱਲ ਇਹ ਹੈ ਕਿ ਕਰੀਬ ਇੱਕ ਕਿਲੋ ਮੁਰਗੀ ਦੇ ਮਾਸ ਦੇ ਉਤਪਾਦਨ ਲਈ ਦੋ ਕਿੱਲੋ ਅਨਾਜ ਦੀ ਖਪਤ ਹੁੰਦੀ ਹੈ, ਇਸ ਤਰ੍ਹਾਂ ਇਕ ਕਿੱਲੋ ਸੂਰ ਦੇ ਮਾਸ ਲਈ 3.5 ਕਿਲੋ, ਭੇਡ ਜਾਂ ਬਕਰੀ ਦੇ ਮਾਸ ਲਈ 1.8 ਕਿਲੋ (ਕਿਉਂ ਕਿ ਉਹ ਜਿਆਦਾਤਰ ਘਾਹ ਖਾਂਦੀ ਹੈ ਅਤੇ ਤੀਜੀ ਦੁਨੀਆ ਦੇ ਮੁਲਕਾਂ ’ਚ ਪਲਦੀ ਹੈ) ਅਤੇ ਵੱਡੇ ਪਸ਼ੂਆਂ ਲਈ 5 ਕਿਲੋ ਅਨਾਜ ਦੀ ਖਪਤ ਹੁੰਦੀ ਹੈ। ਸੰਪੰਨ ਮੁਲਕਾਂ ’ਚ ਜ਼ਿਆਦਾ ਮਾਸ ਖਪਤ ਹੁੰਦਾ ਹੈ, ਸਗੋਂ ਉੱਥੇ ਮਾਸ ਦੀ ਖਪਤ ਨੂੰ ਸੰਪੰਨਤਾ ਦਾ ਪੈਮਾਨਾ ਮੰਨਿਆ ਜਾਂਦਾ ਹੈ। ਜਿਵੇਂ ਕਿ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਮਾਸ ਦੀ ਖਪਤ ਘੱਟ ਹੋਣ ’ਤੇ ਜਿਆਦਾ ਅਨਾਜ ਇਨਸਾਨਾਂ ਦੇ ਆਹਾਰ ਲਈ ਮੌਜੂਦ ਹੋਵੇਗਾ। ਪਰ ਇਹਨਾਂ ਹਿਸਾਬਾਂ ’ਚ ਜੇਕਰ ਨਾ ਵੀ ਜਾਓ, ਤਾਂ ਵੀ ਜਿੰਨਾ ਅਨਾਜ ਮੌਜੂਦ ਹੁੰਦਾ ਹੈ, ਤਾਂ ਹਰ ਵਿਅਕਤੀ ਹਿੱਸੇ (ਪ੍ਰਤੀਦਿਨ ਦੇ ਹਿਸਾਬ ’ਚ) ਤਕਰੀਬਨ 3,000 ਤੋਂ 4,000 ਕੈਲੋਰੀ ਸਿਰਫ਼ ਅਨਾਜ ਤੋਂ ਆਵੇਗੀ। ਇਸ ’ਚ ਫਲ, ਸਬਜੀ, ਮਾਸ, ਦੁੱਧ, ਅੰਡਾ, ਮੱਛੀ ਆਦੀ ਨੂੰ

ਤਾਂ ਜੋੜਿਆ ਵੀ ਨਹੀਂ। ਹੁਣ ਤੁਹਾਨੂੰ ਇਹ ਦੱਸ ਦੇਈਏ ਕਿ ਮਾਹਰਾਂ ਅਨੁਸਾਰ, ਇਕ ਸਿਹਤਮੰਦ ਬਾਲਗ ਇਨਸਾਨ ਨੂੰ ਦਿਨ ’ਚ ਤਕਰੀਬਨ 2,200 ਤੋਂ 2,400 ਕੈਲੋਰੀ ਤੱਕ ਅੰਨ ਦੀ ਜ਼ਰੂਰਤ ਹੁੰਦੀ ਹੈ। ਯਾਣੀ ਮੌਜੂਦ ਅਨਾਜ ਦਾ ਮਹਿਜ਼ ਅੱਧਾ ਜਾਂ ਦੋ-ਤਿਹਾਈ (ਕੋਈ ਵਿਅਕਤੀ ਜੇਕਰ ਉਤਪਾਦਨ ਨੂੰ ਬਰਾਬਰ ਵੰਡਣ ’ਤੇ ਜਿੰਨਾ ਮੌਜੂਦ (3,500 ਕੈਲੋਰੀ ) ਓਨਾ ਖਾ ਲਵੇ, ਤਾਂ ਜਲਦੀ ਹੀ ਉਸਨੂੰ ਮੋਟਾਪੇ ਦੀ ਸ਼ਿਕਾਇਤ ਹੋ ਜਾਵੇਗੀ (ਵਰਲਡ ਹੰਗਰ - ਟਰੈਵਲਜ਼ ਮਿਥਸ)। ਗੌਰ ਕਰਨ ਦੀ ਗੱਲ ਹੈ ਕਿ ਜਿੱਥੇ ਦੁਨੀਆਂ ’ਚ ਇੱਕ ਅਰਬ ਲੋਕ ਭੁੱਖੇ ਸੌਂਦੇ ਹਨ, ਉੱਥੇ ਤਕਰੀਬਨ ਉਨੇ ਹੀ ਲੋਕ ਵੱਧ ਮੋਟਾਪੇ (ਓਬੇਸਿਟੀ) ਦੀ ਬਿਮਾਰੀ ਨਾਲ਼ ਗ੍ਰਸਤ ਹਨ।

ਚਲੋ, ਇਹ ਗੱਲ ਤਾਂ ਸਾਬਿਤ ਹੋਈ ਕਿ ਉੱਪਰੀ ਤੌਰ ’ਤੇ ਅੰਨ ਉਤਪਾਦਨ ’ਚ ਕੋਈ ਕਮੀ ਨਹੀਂ ਹੈ। ਪਰ ਕਾਫ਼ੀ ਤੋਂ ਕਿਤੇ ਜਿਆਦਾ ਮੌਜੂਦ ਹੋਣ ਦੇ ਬਾਵਜੂਦ ਦੁਨੀਆਂ ’ਚ ਇੰਨੀ ਭੁੱਖਮਰੀ ਕਿਉਂ ਹੈ ? ਖ਼ੈਰ, ਇਹ ਇੱਕ ਅਲੱਗ ਸਵਾਲ ਹੈ — ਬਹੁਤ ਹੀ ਪ੍ਰਸੰਗਿਕ, ਪਰ ਇੱਥੇ ਉਸ ’ਤੇ ਗੱਲ ਕਰਨ ਦੀ ਗੁੰਜਾਇਸ਼ ਨਹੀਂ ਹੈ।

ਹੁਣ ਇਹ ਜਾਣਨ ਦੀ ਕੋਸ਼ਿਸ਼ ਕਰਦੇ ਹਾਂ ਕਿ ਆਖ਼ਰ ਗ਼ਰੀਬ ਪਰਿਵਾਰਾਂ ’ਚ ਹੀ ਜ਼ਿਆਦਾ ਬੱਚੇ ਕਿਉਂ ਹੁੰਦੇ ਹਨ ? ਸੁਣਨ ’ਚ ਆਇਆ ਹੈ ਕਿ ਸਾਡੇ ਮੌਜੂਦਾ ਸਿਹਤ ਮੰਤਰੀ ਦਾ ਮੰਨਣਾ ਹੈ ਕਿ ਬੱਚੇ ਪੈਦਾ ਕਰਨਾ ਜਾਂ ਉਸਦੀ ਬੁਨਿਆਦੀ ਪ੍ਰਕ੍ਰਿਆ ’ਚ ਸ਼ਾਮਿਲ ਹੋਣਾ ਗਰੀਬ ਲੋਕਾਂ ਲਈ ਮੰਨੋਰੰਜਨ ਦਾ ਇੱਕ ਸਸਤਾ ਅਤੇ ਉੱਤੇਜਕ ਸਾਧਨ ਹੈ। ਇੱਕ ਸੰਵੇਦਨਸ਼ੀਲ ਪ੍ਰਗਤੀਵਾਦੀ ਆਗੂ ਹੋਣ ਕਰਕੇ ਉਹਨਾਂ ਨੇ ਇਸ ’ਤੇ ਕਾਬੂ ਪਾਉਣ ਦਾ ਇੱਕ ਨਵਾਂ ਤਰੀਕਾ ਲੱਭ ਲਿਆ ਹੈ — ਪਿੰਡ-ਪਿੰਡ ’ਚ ਬਿਜਲੀ। ਲੋਕ ਦੇਰ ਤੱਕ ਟੀਵੀ ਦਾ ਅਨੰਦ ਉਠਾਉਣਗੇ ਅਤੇ ਫਿਰ ਚੈਨ ਦੀ ਨੀਂਦ ਸੋ ਜਾਣਗੇ ਤਾਂ ਮਸਲਾ ਜੜ੍ਹ ਤੋਂ ਸੁਲਝ ਜਾਵੇਗਾ। ਬਈ ਵਾਹ ਕਲਪਨਾ-ਸ਼ਕਤੀ ਦੀ ਉਡਾਰੀ ! ਬਿਜਲੀ ਦੇ ਬਹੁਤ ਸਾਰੇ ਉਪਯੋਗ ਸੁਣੇ ਹਨ, ਪਰ ਇਹ ਤਾਂ ਲੀਕ ਤੋਂ ਮੀਲਾਂ ਹਟਕੇ ਹੈ। ਆਦਰਯੋਗ ਸਿਹਤ ਮੰਤਰੀ ਪੁਰਸ਼ ਹਨ, ਖੁਸ਼ਕਿਸਮਤੀ ਨਾਲ਼ ਇਹ ਕਦੇ ਮਾਂ ਨਹੀਂ ਬਣ ਸਕਦੇ, ਇਸ ਲਈ ਬੱਚਾ ਪੈਦਾ ਕਰਨ ਦਾ ਸਭ ਤੋਂ ਆਸਾਨ ਬਦਲ ਉਹਨਾਂ ਲਈ ਮਨੋਰੰਜਨ ਹੋ ਸਕਦਾ ਹੈ। ਪਰ ਜਿਸ ਮਾਂ ਨੇ ਇੱਕ ਵੀ ਬੱਚਾ ਆਪਣੇ ਗਰਭ ’ਚ ਧਾਰਣ ਕੀਤਾ ਹੈ, ਨੌ ਮਹੀਨੇ ਤੱਕ ਤਿਲ-ਤਿਲ ਕੇ ਉਸਦਾ ਪੋਸ਼ਣ ਕੀਤਾ ਹੈ, ਜੰਮਣ ਪੀੜਾ ਸਹੀ ਹੈ ਅਤੇ ਫਿਰ ਆਪਣੇ ਲਹੂ ਨੂੰ ਦੁੱਧ ਦੇ ਰੂਪ ’ਚ ਬੱਚੇ ਦੇ ਨੰਨ੍ਹੇ ਭੁੱਖੇ ਹਲਕ ’ਚ ਉਤਾਰਿਆ ਹੈ, ਉਹ ਉਸਨੂੰ ਮਹਿਜ਼ ਮਨੋਰੰਜਨ ਨਹੀਂ ਮੰਨ ਸਕਦੀ। ਨਾਲ਼ੇ ਮੈਂ ਤਾਂ ਉਹਨਾਂ ਮਾਵਾਂ ਦੀ ਗੱਲ ਕਰ ਰਹੀ ਹਾਂ, ਜਿਹੜੀਆਂ ਅਕਸਰ ਆਪਣਾ ਪਹਿਲਾ ਬੱਚਾ ਸੋਲਾਂ-ਸਤਾਰ੍ਹਾਂ ਸਾਲ ਦੀ ਕੱਚੀ ਉਮਰ ’ਚ ਪੈਦਾ ਕਰਦੀਆਂ ਹਨ ਅਤੇ ਫਿਰ ਪੈਦਾ ਕਰਦੀਆਂ ਚਲੀਆਂ ਜਾਂਦੀਆਂ ਹਨ, ਸਾਲ-ਦਰ-ਸਾਲ। ਕੁਪੋਸ਼ਿਤ ਸਰੀਰ, ਲਹੂ ਦੀ ਭਿਅੰਕਰ ਕਮੀ, ਇਹ ਤਾਂ ਸਾਡੇ ਜਿਹੇ ਦੇਸ਼ ’ਚ ਮਾਵਾਂ ਲਈ ਆਮ ਗੱਲ ਹੈ। ਗਰਭ ’ਚ ਬੱਚਾ ਪਲਣ ਦੇ ਬਾਵਜੂਦ ਜਿੱਥੇ ਉਹ ਮਾਂ ਸਭ ਤੋਂ ਆਖ਼ਰ ’ਚ ਪਰਿਵਾਰ ਦਾ ਬਚਿਆ-ਖੁਚਿਆ ਨਿਗਲ਼ਦੀ ਹੈ ਅਤੇ ਉਸ ਬੇਸੁਆਦੇ ਨਿਵਾਲੇ

ਤੋਂ ਵੀ ਸਾਰੀ ਪੌਸ਼ਟਿਕਤਾ ਉਸਦੇ ਗਰਭ 'ਚ ਪਲਣ ਵਾਲ਼ਾ ਕੁੱਲ ਦਾ ਚਿਰਾਗ ਆਪਣੇ ਹਿੱਸੇ ਕਰ ਲੈਂਦਾ ਹੈ। ਜਨਮ ਮਗਰੋਂ ਵੀ ਉਹ ਬੱਚਾ ਆਪਣੀ ਮਾਂ ਦੀ ਸੁੱਕੀਆਂ ਛਾਤੀਆਂ ਨੂੰ ਚੁੰਘ ਕੇ ਜਿਵੇਂ ਰਹੀ-ਸਹੀ ਜੀਵਨ-ਸ਼ਕਤੀ ਹੀ ਨਿਚੋੜ ਲੈਂਦਾ ਹੈ। ਮਾਂ ਹੋਣ ਦਾ ਇਹ ਕਾਵਿਆਤਮਕ ਰੂਪ, ਜਿਸਨੂੰ ਅਸੀਂ ਕਵਿਤਾਵਾਂ, ਕਹਾਣੀਆਂ ਅਤੇ ਚਿੱਤਰਾਂ 'ਚ ਜਾਣਿਆ ਹੈ, ਇਸ ਪ੍ਰਕ੍ਰਿਆ 'ਚ ਕਿਤੇ ਨਜ਼ਰ ਨਹੀਂ ਆਉਂਦਾ। ਸਗੋਂ ਡੂੰਘਾਈ 'ਚ ਜਾਣਨ 'ਤੇ ਇਹ ਸਮਝ ਬਣਦੀ ਹੈ ਕਿ ਸਾਲ-ਦਰ-ਸਾਲ ਬੱਚੇ ਜਣਨਾ ਤਾਂ ਇਕ ਗੰਭੀਰ ਸਿਆਸੀ ਮਸਲਾ ਹੈ — ਇਹ ਹੈ ਸਾਡੇ ਸਮਾਜ 'ਚ ਇਸਤਰੀ-ਪੁਰਸ਼ ਦੇ ਹੱਕਾਂ 'ਚ ਮੌਲਿਕ ਨਾਬਰਾਬਰੀ।

ਇੱਕ ਔਰਤ ਦਾ ਆਪਣੇ ਸਰੀਰ 'ਤੇ ਕੋਈ ਹੱਕ ਨਹੀਂ। ਸਾਡੇ ਪਿਛੜੇ ਸਮਾਜ 'ਚ ਉਹ ਭੋਗ-ਵਸਤੂ ਹੈ, ਵਰਤੋਂ ਦੀ ਵਸਤੂ ਹੈ ਅਤੇ ਉਸਦੀ ਵਰਤੋਂ ਇਸ ਮਰਦ ਦੀ ਹਕੂਮਤ ਵਾਲ਼ੇ ਸਮਾਜ ਦੇ ਨਿਯਮਾਂ ਦੇ ਅਧਾਰ 'ਤੇ ਹੁੰਦੀ ਹੈ। ਹਾਂ ਸਿੱਖਿਆ ਦੀ ਕਮੀ ਵੀ ਇਸ 'ਚ ਫੈਸਲਾਕੁੰਨ ਭੂਮਿਕਾ ਅਦਾ ਕਰਦੀ ਹੈ, ਜਿਹੜੀ ਕਿ ਔਰਤ-ਮਰਦ ਦੋਨਾਂ 'ਤੇ ਲਾਗੂ ਹੁੰਦੀ ਹੈ। ਦੁਨੀਆਂ 'ਚ ਜਦੋਂ ਹੋਰ ਜਿਥੇ-ਜਿਥੇ ਨਾਰੀ ਨੂੰ ਬਰਾਬਰ ਦਰਜਾ ਅਤੇ ਸਭ ਨੂੰ ਉਚਿਤ ਸਿੱਖਿਆ ਹਾਸਲ ਕਰਨ ਦਾ ਮੌਕਾ ਮਿਲਿਆ ਹੈ, ਉੱਥੇ ਇਸ ਤਰ੍ਹਾਂ ਦੀ ਲੁੱਟ ਲਗਭਗ ਖਤਮ ਹੋ ਗਈ ਹੈ। ਪਰ ਕੀ ਸਿਰਫ਼ ਇਹ ਸਿੱਖਿਆ ਦੀ ਕਮੀ ਹੈ, ਜਿਹੜੀ ਪਰਿਵਾਰ 'ਚ ਇੰਨੇ ਸਾਰੇ ਬੱਚੇ ਪੈਦਾ ਕਰਨ ਦੇ ਕਾਰਨ ਹੈ ? ਨਹੀਂ, ਸਾਡਾ ਮੰਨਣਾ ਹੈ ਕਿ ਇਸਦਾ ਠੋਸ ਆਰਥਿਕ ਅਧਾਰ ਵੀ ਹੈ, ਆਓ ਵੇਖਦੇ ਹਾਂ।

ਸੁਣਿਆ ਹੈ ਸਾਰੀਆਂ ਜੀਵ-ਜਾਤੀਆਂ 'ਚ ਸ਼ਾਇਦ ਇਨਸਾਨ ਦਾ ਹੀ ਬੱਚਾ ਹੈ, ਜਿਸਦੀ ਸਾਲਾਂ ਤੱਕ ਦੇਖਭਾਲ ਕਰਨੀ ਪੈਂਦੀ ਹੈ। ਮੱਧ ਵਰਗ, ਅਮੀਰ ਜਮਾਤ 'ਚ ਤਾਂ "ਬੱਚੇ" ਵੱਡੇ ਹੀ ਨਹੀਂ ਹੁੰਦੇ, ਨੌਜਵਾਨ ਅਵਸਥਾ ਤੱਕ ਉਹ ਆਪਣੇ ਮਾਂ-ਬਾਪ ਅਤੇ ਪਰਿਵਾਰ ਵਾਲ਼ਿਆਂ ਤੋਂ ਸਹਾਰੇ ਦੀ ਉਮੀਦ ਰੱਖਦੇ ਹਨ। ਆਪਣੇ ਹੱਥ-ਪੈਰ ਚਲਾ ਕੇ ਕੁਝ ਕਰ ਦਿਖਾਉਣ ਦੀ ਥਾਂ ਉਹ ਵਿਰਾਸਤ 'ਚ ਮਿਲੀ ਸੰਪੱਤੀ ਜਾਂ ਜਾਣ-ਪਹਿਚਾਣ ਤੋਂ ਮਿਲੀ ਨੌਕਰੀ 'ਤੇ ਜ਼ਿਆਦਾ ਭਰੋਸਾ ਰੱਖਦੇ ਹਨ। ਸਗੋਂ ਇਸਨੂੰ ਆਪਣੀ ਸ਼ਾਨ ਸਮਝਦੇ ਹਨ — "ਮੈਂ ਟਾਟਾ ਦਾ ਭਤੀਜਾ ਹਾਂ" , "ਮੈਂ ਬਿਰਲਾ ਦਾ ਭਾਣਜਾ ਹਾਂ" , "ਮੈਂ ਫਲਾਨੇ ਖਾਨਦਾਨ ਦਾ ਹਾਂ" , "ਮੈਂ ਬ੍ਰਾਹਮਣ ਹਾਂ", ਆਦਿ-ਆਦਿ। ਇਹ ਸਾਰੇ ਕੁਲਦੀਪਕ ਸਹੀ ਮਾਅਨੇ 'ਚ ਇੱਕ ਭਾਰੀ ਬੋਝ ਹਨ, ਜਿਹਨਾਂ ਨੂੰ ਸਮਾਜ ਸਦੀਆਂ ਤੋਂ ਢੋਅ ਰਿਹਾ ਹੈ। ਪਰ ਗਰੀਬਾਂ ਦਾ ਬੱਚਾ ਤਾਂ ਆਪਣੇ ਪਹਿਲੇ ਸਾਹ ਲੈਣ ਤੋਂ ਪਹਿਲਾਂ ਤੋਂ ਹੀ ਜ਼ਿੰਦਾ ਰਹਿਣ ਦੀ ਜਦੋਜਹਿਦ 'ਚ ਫਸ ਜਾਂਦਾ ਹੈ। ਕੁਪੋਸ਼ਿਤ, ਕਮਜ਼ੋਰ ਮਾਂਵਾਂ ਦੇ ਜਿਆਦਤਰ ਬੱਚੇ ਵੀ ਕੁਪੋਸ਼ਿਤ ਹੁੰਦੇ ਹਨ। 'ਹਿਊਮਨ ਡੇਵੇਲਪਮੈਂਟ ਰਿਪੋਰਟ 2009' ਅਨੁਸਾਰ ਭਾਰਤ 'ਚ 47 ਪ੍ਰਤੀਸ਼ਤ ਬੱਚੇ, ਯਾਣੀ ਹਰ ਦੂਜਾ ਬੱਚਾ ਕੁਪੋਸ਼ਣ ਦਾ ਸ਼ਿਕਾਰ ਹੈ। ਭਾਰਤ 'ਚ ਹਰ ਸਾਲ ਪੰਜ ਸਾਲ ਤੋਂ ਘੱਟ ਉਮਰ ਦੇ 23.5 ਲੱਖ ਬੱਚੇ ਮਰ ਜਾਂਦੇ ਹਨ। ਇੱਥੇ ਹਰ 15 ਸੈਕਿੰਡ 'ਚ ਇੱਕ ਬੱਚੇ ਦੀ ਮੌਤ ਹੋ ਜਾਂਦੀ ਹੈ। ਚਾਰ ਲੱਖ ਤੋਂ ਜ਼ਿਆਦਾ ਬੱਚੇ ਤਾਂ ਜਨਮ ਦੇ 24 ਘੰਟੇ ਅੰਦਰ ਬਿਲਕੁਲ ਸਧਾਰਣ ਬਿਮਾਰੀਆਂ (ਡਾਇਰੀਆ,

ਨਿਮੋਨੀਆ) ਦੇ ਕਾਰਨ ਮਰ ਜਾਂਦੇ ਹਨ। ਮਤਲਬ ਇਹ ਕਿ ਗਰੀਬਾਂ ਦੇ ਮਾਂ-ਪਿਉ ਨੂੰ ਇਸ ਗੱਲ ਦਾ ਕੋਈ ਭਰੋਸਾ ਨਹੀਂ ਕਿ ਉਹਨਾਂ ਦੇ ਕਿੰਨੇ ਬੱਚੇ ਬਾਲਗ ਹੋਣ ਤੱਕ ਬਚ ਜਾਣਗੇ। ਛੇ ਸਾਲ ਦੀ ਉਮਰ ਤੱਕ ਪਹੁੰਚਦੇ-ਪਹੁੰਚਦੇ ਗਰੀਬ ਪਰਿਵਾਰ ਦਾ ਬੱਚਾ ਪਰਿਵਾਰ ਦੀ ਆਮਦਨੀ 'ਚ ਯੋਗਦਾਨ ਕਰਨਾ ਸ਼ੁਰੂ ਕਰ ਦਿੰਦਾ ਹੈ। ਨਾਲ਼ੇ ਮਹਿਜ਼ 12 ਸਾਲ ਦੀ ਉਮਰ ਜਾਂ ਉਸਤੋਂ ਵੀ ਘੱਟ 'ਚ ਪਰਿਵਾਰਕ ਆਮਦਨ 'ਚ ਉਸਦਾ ਯੋਗਦਾਨ, ਜਿੰਨਾਂ ਉਸ 'ਤੇ ਖਰਚ ਹੁੰਦਾ ਹੈ ਉਸਤੋਂ ਵੱਧ ਹੁੰਦਾ ਹੈ। ਉਸਦਾ ਭਾਵ ਇਹ ਹੈ ਕਿ ਬੱਚਾ ਇੱਕ ਮੂੰਹ ਨਹੀਂ ਸਗੋਂ ਦੋ ਹੱਥ ਹੁੰਦਾ ਹੈ, ਪਰਿਵਾਰ ਲਈ। ਹੁਣ ਤੁਸੀਂ ਹੀ ਦੱਸੋ ਕਿ ਗੈਰ-ਜਥੇਬੰਦ ਮਜ਼ਦੂਰਾਂ 'ਤੇ ਅਰਜੁਨ ਸੇਨਗੁਪਤਾ ਦੀ ਪ੍ਰਧਾਨਗੀ 'ਚ ਬਣੀ ਸਰਕਾਰੀ ਕਮੇਟੀ ਅਨੁਸਾਰ ਜੇਕਰ 78 ਫੀਸਦੀ ਭਾਰਤੀਆਂ ਨੂੰ 20 ਰੁਪਏ ਜਾਂ ਫਿਰ ਉਸ ਤੋਂ ਵੀ ਘੱਟ 'ਚ ਗੁਜ਼ਾਰਾ ਕਰਨਾ ਪੈਂਦਾ ਹੈ, ਤਾਂ ਫਿਰ ਸਿਰਫ਼ ਦਿਨ 'ਚ ਦੋ ਜੂਨ ਖਾਣਾ ਜੁਟਾਣ ਲਈ ਹੀ ਪਰਿਵਾਰ ਦੇ 7-8 ਲੋਕਾਂ ਨੂੰ ਰੁਜ਼ਗਾਰ 'ਚ ਲੱਗਣਾ ਪਏਗਾ ਜਾਂ ਨਹੀਂ? ਆਖ਼ਰ ਚਾਵਲ, ਆਟਾ, ਚੀਨੀ, ਦਾਲ, ਨਮਕ, ਤੇਲ, ਆਲੂ, ਪਿਆਜ਼ ਆਦਿ ਦੀਆਂ ਕੀਮਤਾਂ ਪਿਛਲੇ ਕੁਝ ਸਾਲਾਂ 'ਚ ਆਸਮਾਨ ਨੂੰ ਵੀ ਚੀਰ ਕੇ ਜਿਵੇਂ ਕਿਸੇ ਹੋਰ ਗ੍ਰਹਿ ਤੱਕ ਪਹੁੰਚ ਚੁੱਕੀਆਂ ਹਨ। ਇਸਤੋਂ ਇਲਾਵਾ ਕੱਪੜਾ, ਮਕਾਨ ਅਤੇ ਹੋਰ ਚੀਜ਼ਾਂ ਵੀ ਤਾਂ ਚਾਹੀਦੀਆਂ ਹਨ। ਇਸ 'ਚ ਬਿਮਾਰ ਪੈਣਾ ਵਿਲਾਸਤਾ ਹੈ, ਜਿਹੜਾ ਕਿ ਛੇ ਸਾਲਾਂ ਦੇ ਬੱਚੇ ਲਈ ਵੀ ਵਰਜਿਤ ਹੈ। ਇਤਿਹਾਸ ਦੇ ਪੰਨੇ ਪਲਟ ਕੇ ਵੇਖੀਏ, ਤਾਂ ਸਮਝ ਬਣਦੀ ਹੈ ਕਿ ਅੱਜ ਦੇ ਵਿਕਸਿਤ ਮੁਲਕਾਂ 'ਚ ਵੀ ਸੌ-ਸਵਾ ਸੌ ਸਾਲ ਪਹਿਲਾਂ ਤੱਕ ਪਰਿਵਾਰਾਂ 'ਚ ਔਸਤਨ ਦਰਜਨਾਂ ਬੱਚੇ ਹੁੰਦੇ ਸਨ। ਪਰ ਜਿਵੇਂ-ਜਿਵੇਂ ਆਧੁਨਿਕ ਚਿਕਿਤਸਾ 'ਚ ਵਿਕਾਸ ਦੇ ਕਾਰਨ ਮੌਤ ਦਰ 'ਚ ਗੁਣਾਤਮਕ ਕਮੀ ਆਈ ਅਤੇ ਉਸਦੇ ਨਾਲ਼-ਨਾਲ਼ ਮਜ਼ਦੂਰ ਤਹਿਰੀਕਾਂ ਦੀ ਬਦੌਲਤ ਜੇਕਰ ਉਜਰਤ ਵਧੀ ਅਤੇ ਕੰਮ ਦੇ ਘੰਟਿਆਂ ਅਤੇ ਮਾਹੌਲ 'ਤੇ ਕਨੂੰਨੀ ਕੰਟਰੋਲ ਲਾਗੂ ਹੋਏ, ਪਰਿਵਾਰ ਛੋਟੇ ਹੁੰਦੇ ਗਏ। ਸਦੀ ਦੀ ਸ਼ੁਰੂਆਤ ਆਉਂਦੇ-ਆਉਂਦੇ ਕਈ ਯੂਰਪੀ ਦੇਸ਼ਾਂ 'ਚ ਸਰਕਾਰੀ ਸੋਸ਼ਲ ਸਕਿਊਰਿਟੀ (ਸਮਾਜਿਕ ਸੁਰੱਖਿਆ) ਦਾ ਪ੍ਰਬੰਧ ਹੋ ਜਾਣ 'ਤੇ ਲੋਕਾਂ ਨੂੰ ਸਿਹਤ, ਸਿੱਖਿਆ, ਰਿਹਾਇਸ਼ ਅਤੇ ਬੇਰੁਜ਼ਗਾਰੀ ਭੱਤਾ ਵਰਗੀਆਂ ਬੁਨਿਆਦੀ ਜ਼ਰੂਰਤਾਂ ਹੱਕ ਦੇ ਤੌਰ 'ਤੇ ਮਿਲਣ ਲੱਗੀਆਂ ਅਤੇ ਪਰਿਵਾਰ ਛੋਟੇ ਅਤੇ ਖੁਸ਼ਹਾਲ ਨਜ਼ਰ ਆਉਣ ਲੱਗੇ। ਦੂਰ ਜਾਣ ਦੀ ਲੋੜ ਨਹੀਂ, ਸਾਡੇ ਹੀ ਦੇਸ਼ ਦੇ ਕੇਰਲ ਸੂਬੇ ਨੂੰ ਲੈ ਲਓ। ਵਸੋਂ ਦੀ ਘਣਤਾ (ਇੱਕ ਵਰਗ ਕਿਲੋਮੀਟਰ 'ਚ ਵੱਸਣ ਵਾਲ਼ੀ ਔਸਤ ਵਸੋਂ) ਦੇ ਹਿਸਾਬ ਨਾਲ਼ ਇਹ ਪ੍ਰਦੇਸ਼ ਦੇਸ਼ ਦੀ ਔਸਤ ਤਕਰੀਬਨ ਤਿੰਨ ਗੁਣਾ ਜ਼ਿਆਦਾ ਬਹਿੰਦਾ ਹੈ। ਪਰ ਬਿਹਤਰ ਸਿਹਤ ਸੁਵਿਧਾ, ਸਿੱਖਿਆ ਦੀ ਸੁਵਿਧਾ ਅਤੇ ਕਾਰਗਰ ਅੰਨ ਸਬਸਿਡੀ ਦੇ ਕਾਰਨ ਇਥੇ ਬੱਚਿਆਂ ਦੀ ਮੌਤ ਦਰ ਦੇਸ਼ ਦੇ ਔਸਤ ਤੋਂ ਅੱਧੀ ਹੈ। ਇਥੇ ਔਰਤ ਸਿੱਖਿਆ ਦੀ ਦਰ ਦੇਸ਼ ਦੇ ਔਸਤ ਤੋਂ ਤਕਰੀਬਨ ਦੋ ਗੁਣਾ ਜ਼ਿਆਦਾ ਹੈ (ਕੇਰਲ 'ਚ 87 ਪ੍ਰਤੀਸ਼ਤ ਔਰਤਾਂ ਸਿੱਖਿਅਤ ਹਨ)। ਸ਼ਾਇਦ ਇਸੇ ਕਾਰਨ ਇਥੇ ਜਨਮ ਦਰ ਕੌਮੀ ਔਸਤ ਦੀ ਇਕ ਤਿਹਾਈ ਹੈ, ਜਿਹੜੀ ਕਿ ਅਮਰੀਕਾ ਵਰਗੇ ਮੁਲਕ ਤੋਂ ਥੋੜੀ ਹੀ ਜਿਆਦਾ ਹੈ। ਹੁਣ ਜਿਸ ਇੰਗਲੈਂਡ ਨੂੰ ਵੇਖ ਕੇ

ਮਾਲਥਸ ਸਾਹਬ ਡਰ ਗਏ ਸਨ, ਉਸ ਦੀ ਆਬਾਦੀ ਉਸ ਸਮੇਂ ਕਰੀਬ 83 ਲੱਖ ਸੀ। ਅੱਜ ਇੰਗਲੈਂਡ ਦੀ ਵਸੋਂ ਕਰੀਬ 512 ਲੱਖ ਹੈ, ਯਾਨੀ ਮਾਲਥਸ ਸਾਹਬ ਦੇ ਸਮੇਂ ਤੋਂ ਸਾਢੇ ਛੇ ਗੁਣਾ ਜ਼ਿਆਦਾ। ਪਰ ਕੀ ਅੱਜ ਕੋਈ ਇੰਗਲੈਂਡ ਬਾਰੇ ਉਹ ਸ਼ੰਕਾ ਜਤਾਵੇਗਾ, ਜਿਹੜੀ ਕਿ ਅੱਜ ਤੋਂ ਦੋ ਸੌ ਸਾਲ ਪਹਿਲਾਂ ਜਤਾਈ ਗਈ ਸੀ? ਕਦੇ ਵੀ ਨਹੀਂ। ਫਿਰ ਤੋਂ ਇਹ ਗੱਲ ਸਾਬਿਤ ਹੁੰਦੀ ਹੈ ਕਿ ਮਹਿਜ਼ ਵੱਧਦੀ ਵਸੋਂ ਹੀ ਗਰੀਬੀ ਅਤੇ ਬਦਹਾਲੀ ਵਰਗੀਆਂ ਸੱਮਸਿਆਵਾਂ ਦੀ ਮੁੱਖ ਵਜ੍ਹਾ ਨਹੀਂ ਹੈ।

ਅੱਛਾ ਚੱਲੋ, ਹੁਣ ਇਹ ਪਤਾ ਲਗਾਉਂਦੇ ਹਾਂ ਕਿ ਇਕ ਇੱਜ਼ਤਦਾਰ ਅਰਾਮਦਾਇਕ ਜਿੰਦਗੀ ਬਸਰ ਕਰਨ ਲਈ ਕਿਹੜੀਆਂ-ਕਿਹੜੀਆਂ ਬੁਨਿਆਦੀ ਲੋੜਾਂ ਹਨ ਅਤੇ ਉਹਨਾਂ ਸਭ ਨੂੰ ਮੁਹੱਈਆ ਕਰਵਾਉਣ 'ਚ ਕਿੰਨਾਂ ਖਰਚ ਆਵੇਗਾ? ਮੇਰੇ ਹਿਸਾਬ ਨਾਲ ਆਮ ਸਹਿਮਤੀ ਇਸ 'ਤੇ ਬਣੇਗੀ ਕਿ ਸਾਰਿਆਂ ਨੂੰ ਇੱਕ ਘੱਟੋ-ਘੱਟ ਪੱਧਰ ਤੱਕ ਦੀ ਸਿਖਿਆ ਮਿਲਣੀ ਚਾਹੀਦੀ ਹੈ, ਪੀਣ ਅਤੇ ਹੋਰ ਰੋਜ਼ਾਨਾ ਕੰਮ ਲਈ ਸਵੱਛ ਪਾਣੀ ਅਤੇ ਸਾਫ਼-ਸੁਥਰਾ ਮਾਹੌਲ, ਸਭ ਨੂੰ ਕਾਫ਼ੀ ਪੋਸ਼ਣ ਅਤੇ ਸਿਹਤ ਸੁਵਿਧਾ ਅਤੇ ਕਿਉਂਕਿ ਮਨੁੱਖ ਜਾਤੀ ਨੂੰ ਬਣਾਈ ਰੱਖਣ ਅਤੇ ਮਨੁੱਖ ਜਾਤੀ ਦੀ ਸਰਵਪੱਖੀ ਪ੍ਰਗਤੀ ਲਈ ਆਉਣ ਵਾਲ਼ੀ ਪੀੜੀ ਦਾ ਸਿਹਤਮੰਦ ਹੋਣਾ ਸਰਵਉੱਤਮ ਮਹੱਤਵ ਰੱਖਦਾ ਹੈ, ਪ੍ਰਜਣਨ ਲਈ ਸਹਾਇਕ ਚਕਿਤਸਾ ਦੀ ਸੁਵਿਧਾ ਸਭ ਨੂੰ ਹੱਕ ਦੇ ਰੂਪ 'ਚ ਮਿਲਣੀ ਚਾਹੀਦੀ ਹੈ। ਪਰ ਇਸ 'ਚ ਤਾਂ ਬਹੁਤ ਖਰਚ ਆਵੇਗਾ! ਜ਼ਾਹਿਰ ਹੈ ਪੂਰੀ ਦੁਨੀਆ ਦੀ ਵਸੋਂ ਦੀ ਗੱਲ ਹੋ ਰਹੀ ਹੈ। ਯੂ.ਐਨ.ਪੀ.ਡੀ. ਨੇ 1998 ਦੀ ਆਪਣੀ ਰਿਪੋਰਟ 'ਚ ਇਸ ਖਰਚ ਦਾ ਇੱਕ ਮੋਟਾ-ਮੋਟਾ ਅੰਦਾਜ਼ਾ ਲਗਾਇਆ ਹੈ। ਉਹਨਾਂ ਨੇ ਸਾਰੇ ਖੋਜ ਕਾਰਜ ਜ਼ਰੀਏ ਇਸ ਗੱਲ ਦਾ ਅੰਦਾਜਾ ਲਗਾਇਆ ਹੈ ਕਿ ਇਹਨਾਂ ਸੁਵਿਧਾਵਾਂ 'ਤੇ ਵਰਤਮਾਨ 'ਚ ਹੋ ਰਹੇ ਖਰਚ ਤੋਂ ਕਿੰਨਾਂ ਵੱਧ ਖਰਚ ਕਰਨ 'ਤੇ ਸਭ ਨੂੰ ਇਹ ਬੁਨਿਆਦੀ ਸੁਵਿਧਾਵਾਂ ਉਪਲਭਧ ਕਰਵਾਈਆਂ ਜਾ ਸਕਦੀਆਂ ਹਨ।

**ਟੇਬਲ-2**

**ਦੁਨੀਆਂ ਵਿੱਚ ਹਰੇਕ ਵਿਅਕਤੀ ਨੂੰ ਬੁਨਿਆਦੀ ਸਹੂਲਤਾਂ ਉਪਲਬਧ ਕਰਵਾਉਣ 'ਤੇ ਵਾਧੂ ਖਰਚ**

| **ਮੁੱਢਲੀਆਂ ਸਹੂਲਤਾਂ** | **ਵਾਧੂ ਖਰਚ** |
|---|---|
| ਸਾਰਿਆਂ ਲਈ ਮੁੱਢਲੀ ਸਿੱਖਿਆ | 6 ਅਰਬ ਡਾਲਰ |
| ਪੀਣ ਲਈ ਪਾਣੀ ਅਤੇ ਸਾਫ ਸੁਥਰਾ ਆਲਾ-ਦੁਆਲਾ ਬਣਾਈ ਰੱਖਣ ਲਈ | 9 ਅਰਬ ਡਾਲਰ |
| ਮੁੱਢਲੀਆਂ ਸਿਹਤ ਸਹੂਲਤਾਂ ਅਤੇ ਲੋੜੀਦਾ ਪੋਸ਼ਣ | 13 ਅਰਬ ਡਾਲਰ |
| ਔਰਤਾਂ ਲਈ ਪ੍ਰਜਣਨ ਸਬੰਧੀ ਸਿਹਤ ਸਹੂਲਤਾਂ | 12 ਅਰਬ ਡਾਲਰ |
| ਕੁੱਲ | 40 ਅਰਬ ਡਾਲਰ |

(ਸਰੋਤ : ਹਿਊਮਨ ਡਿਵਲਪਮੈਂਟ ਰਿਪੋਰਟ 1998 ਓਵਰਵਿਊ)

ਜਿਵੇਂ ਕਿ ਟੇਬਲ-2 ਤੋਂ ਸਮਝ ਬਣਦੀ ਹੈ ਕਿ ਬੁਨਿਆਦੀ ਲੋੜਾਂ ਪੂਰੀਆਂ ਕਰਨ ਲਈ 40 ਅਰਬ ਡਾਲਰ ਦੀ ਵਿਸ਼ਾਲ ਰਕਮ ਖਰਚ ਕਰਨੀ ਪਏਗੀ। ਇਹ ਵਾਕਈ ਇਕ ਵੱਡੀ ਰਕਮ ਹੈ। ਇਹ ਆਵੇਗੀ ਕਿਥੋਂ ? ਜ਼ਾਹਿਰ ਹੈ ਇਹਨਾਂ 15 ਸਾਲਾਂ 'ਚ ਉਹ ਕੁਝ ਹੋਰ ਵੱਧ ਗਈ ਹੋਵੇਗੀ। ਵੇਖਦੇ ਹਾਂ, ਦੁਨੀਆ 'ਚ ਹੋ ਰਹੇ ਅਨੇਕਾਂ ਜ਼ਰੂਰੀ-ਗੈਰਜ਼ਰੂਰੀ ਖਰਚਿਆਂ 'ਚ ਕੁਝ ਕਟੌਤੀ ਕਰਕੇ ਇਹਨਾਂ ਬੁਨਿਆਦੀ ਲੋੜਾਂ ਨੂੰ ਪੂਰਾ ਕੀਤਾ ਜਾ ਸਕਦਾ ਹੈ ਜਾਂ ਨਹੀਂ ? ਹੇਠਾਂ ਦਿੱਤਾ ਟੇਬਲ-3 'ਚ ਕੁੱਝ ਵਿਸ਼ੇਸ਼ ਮੱਦਾਂ ਨਾਲ਼ ਉਹਨਾਂ 'ਤੇ ਸਲਾਨਾ ਖਰਚ ਦਾ ਵੇਰਵਾ ਦਿੱਤਾ ਗਿਆ ਹੈ। ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਇਹ ਅੰਕੜੇ ਵੀ 1995 ਦੇ ਹਨ ਅਤੇ ਇਸ 'ਚ ਤਾਂ ਪਿਛਲੇ ਦਹਾਕੇ 'ਚ ਗਜ਼ਬ ਦਾ ਵਾਧਾ ਹੋਇਆ ਹੈ।

ਦਬ ਗਈਆਂ ਨਾ ਦੰਦਾਂ ਹੇਠਾਂ ਉਂਗਲੀਆਂ ? ਹੁਣ ਤੁਸੀਂ ਸਿਰ ਖੁਰਕ ਰਹੇ ਹੋਵੋਗੇ ਕਿ ਇੰਨੀ-ਇੰਨੀ "ਗੰਭੀਰ" ਲੋੜਾਂ ਦੇ ਰਹਿੰਦੇ ਆਮ ਵਸੋਂ ਦੀ ਸਿੱਖਿਆ, ਸਿਹਤ, ਪੀਣ ਦਾ ਪਾਣੀ, ਵਰਗੀਆਂ ਮਾਮੂਲੀ ਲੋੜਾਂ ਲਈ ਪੈਸੇ ਕਿਵੇਂ ਨਿਕਲਣਗੇ ? ਹੁਣ ਜੇਕਰ ਅਸੀਂ ਸੁੰਦਰਤਾ-ਵਰਧਕ ਸੱਮਗਰੀ ਨੂੰ ਛੱਡ ਦੇਈਏ, ਜਾਂ ਫਿਰ ਆਈਸਕ੍ਰੀਮ ਖਾਣ ਦੀ ਲਲਕ ਨੂੰ ਬਣੇ ਰਹਿਣ

**ਟੇਬਲ**-3

**ਕੁਝ ਵਿਸ਼ੇਸ਼ ਕੈਟਾਗਰੀਆਂ 'ਤੇ ਸਾਲਾਨਾ ਖਰਚ ਦਾ ਵੇਰਵਾ**

| **ਕੈਟਾਗਰੀ** | **ਸਾਲਾਨਾ ਖਰਚਾ** |
|---|---|
| ਅਮਰੀਕਾ 'ਚ ਸੁੰਦਰਤਾਵਰਧਕ ਸਮੱਗਰੀ 'ਤੇ ਖਰਚਾ | 8 ਅਰਬ ਡਾਲਰ |
| ਯੂਰਪ 'ਚ ਆਈਸਕਰੀਮ 'ਤੇ ਖਰਚਾ | 11 ਅਰਬ ਡਾਲਰ |
| ਅਮਰੀਕਾ ਤੇ ਯੂਰਪ 'ਚ ਇਤਰ/ਪਰਫਿਊਮ 'ਤੇ ਖਰਚਾ | 12 ਅਰਬ ਡਾਲਰ |
| ਯੂਰਪ ਤੇ ਅਮਰੀਕਾ 'ਚ ਪਾਲਤੂ ਜਾਨਵਰਾਂ ਦੇ ਖਾਣੇ 'ਤੇ ਖਰਚਾ | 17 ਅਰਬ ਡਾਲਰ |
| ਜਾਪਾਨ 'ਚ ਵਪਾਰਕ ਮਨੋਰੰਜਨ 'ਤੇ ਖਰਚਾ | 35 ਅਰਬ ਡਾਲਰ |
| ਯੂਰਪ 'ਚ ਸਿਗਰਟ 'ਤੇ ਖਰਚਾ | 50 ਅਰਬ ਡਾਲਰ |
| ਦੁਨੀਆਂ ਭਰ 'ਚ ਪੀਣ ਵਾਲੇ ਨਸ਼ਿਆਂ 'ਤੇ ਖਰਚਾ | 400 ਅਰਬ ਡਾਲਰ |
| ਦੁਨੀਆਂ ਭਰ 'ਚ ਫੌਜੀ ਤਾਕਤ ਅਤੇ ਹਥਿਆਰਾਂ 'ਤੇ ਖਰਚਾ (2009) | 1300 ਅਰਬ ਡਾਲਰ |
| ਪਿਛੇ ਜਿਹੇ ਆਈ ਮੰਦੀ ਤੋਂ ਉਭਰਨ ਲਈ ਅਮਰੀਕੀ ਸਰਕਾਰ ਦੁਆਰਾ ਦਿੱਤੇ ਬੇਲ ਆਉਟ ਪੈਕੇਜ (2009) | 700 ਅਰਬ ਡਾਲਰ |
| ਸ਼ੇਅਰ ਬਾਜ਼ਾਰ ਦੇ ਭਿਆਨਕ ਰੂਪ 'ਚ ਡਿੱਗ ਜਾਣ ਤੇ ਮੰਦੀ ਕਾਰਨ ਹੋਇਆ ਨੁਕਸਾਨ (2009) | 970 ਅਰਬ ਡਾਲਰ |
| ਯੂਰਪ 'ਚ ਸ਼ਰਾਬ 'ਤੇ ਖਰਚਾ | 105 ਅਰਬ ਡਾਲਰ |

(ਸਰੋਤ : ਹਿਊਮਨ ਡਿਵਲਪਮੈਂਟ ਰਿਪੋਰਟ 1998 ਓਵਰਵਿਊ)

ਦੇਈਏ, ਪਾਲਤੂ ਜਾਨਵਰ ਦੀ ਖੁਰਾਕ ’ਤੇ ਦਖਲਅੰਦਾਜੀ ਨਾ ਵੀ ਕਰੀਏ, ਤਦ ਵੀ ਮਹਿਜ਼ ਯੂਰਪ ’ਚ ਸਿਗਰੇਟ ’ਤੇ ਸਲਾਨਾ ਖਰਚ ਤੋਂ ਬੁਨਿਆਦੀ ਸਾਰੀਆਂ ਲੋੜਾਂ ਦੁਨੀਆ ਭਰ ’ਚ ਉਪਲਬਧ ਕਰਵਾਈਆਂ ਜਾ ਸਕਦੀਆਂ ਹਨ। ਜੇਕਰ ਵਿਕਸਿਤ ਦੇਸ਼ਾਂ ’ਚ ਸ਼ਰਾਬ ਦੇ ਬਿਨਾਂ ਕੰਮ ਚੱਲੇ, ਤਾਂ ਇਹਨਾਂ ਸਭ ਦੇ ਨਾਲ ਸਭ ਲਈ ਕਾਫ਼ੀ ਰਿਹਾਇਸ਼ ਵੀ ਬਣ ਸਕਦੀ ਹੈ। ਪੀਣ ਵਾਲ਼ੇ ’ਚ ਮਹਿਜ਼ 10 ਫੀਸਦੀ ਕਟੌਤੀ ਕਰਨ ’ਤੇ ਸਾਰੀਆਂ ਬੁਨਿਆਦੀ ਸੁਵਿਧਾਵਾਂ ਸਭ ਨੂੰ ਉਪਲਭਧ ਕਰਵਾਈਆਂ ਜਾ ਸਕਦੀਆਂ ਹਨ। ਹੈ ਨਾ ਹੈਰਾਨੀ ਵਾਲ਼ੀ ਗੱਲ! ਅੱਛਾ ਛੱਡੋ, ਭੋਗ-ਵਿਲਾਸ ਦੀਆਂ ਵਸਤੂਆਂ ਨੂੰ ਜੇਕਰ ਛੱਡ ਵੀ ਦਿੱਤਾ ਜਾਵੇ, ਤਾਂ ਦੁਨੀਆ ਭਰ ’ਚ ਜਿਥੇ ਸਭ ਤੋਂ ਜ਼ਿਆਦਾ ਖ਼ਰਚ ਹੁੰਦਾ ਹੈ, ਉਹ ਸੈਨਿਕ ਤਾਕਤ ਅਤੇ ਹਥਿਆਰਾਂ ’ਚ। ਵਰਤਮਾਨ ਸਮੇਂ ’ਚ ਕਰੀਬਨ 13 ਖਰਬ ਡਾਲਰ ਸਿਰਫ਼ ਮਰਨ-ਮਰਾਉਣ ’ਤੇ ਖ਼ਰਚ ਹੋ ਜਾਂਦਾ ਹੈ। ਉਹ ਵੀ ਸਰਕਾਰੀ ਖ਼ਰਚ। ਆਮ ਲੋਕਾਂ ਦੇ ਲਹੂ-ਪਸੀਨੇ ਤੋਂ ਉਪਜਿਆ ਪੈਸਾ। ਇਸ ’ਚ ਨਿੱਜੀ ਗੈਰ-ਸਰਕਾਰੀ ਹਥਿਆਰ, ਬਲ ਤਾਂ ਅਜੇ ਸ਼ਾਮਲ ਹੀ ਨਹੀਂ। ਇਸ ਰਕਮ ਦਾ ਜੇਕਰ ਸਿਰਫ਼ ਤਿੰਨ ਫੀਸਦੀ ਖਰਚ ਕੀਤਾ ਜਾਵੇ, ਤਾਂ ਦੁਨੀਆਂ ਦੀ ਪੂਰੀ ਮੌਜੂਦਾ ਵਸੋਂ ਸਭ ਬੁਨਿਆਦੀ ਸੁਵਿਧਾਵਾਂ ਦੇ ਨਾਲ਼ ਜੀਅ ਸਕੇਗੀ। ਕੀ ਇਹ ਇੱਕ ਨਾਜਾਇਜ਼ ਕਟੌਤੀ ਹੈ? ਅਤੇ ਕੀ ਪਤਾ ਜੀਵਨ-ਪੱਧਰ ਬਿਹਤਰ ਹੋਣ ’ਤੇ ਸ਼ਾਇਦ ਇੰਨੀ ਵੱਡੀ ਗਿਣਤੀ ’ਚ ਮਰਨ-ਮਰਾਉਣ ਦੀ ਲੋੜ ਖ਼ਤਮ ਹੋ ਜਾਵੇ।

ਆਓ ਇੱਕ ਹੋਰ ਵਿਸ਼ਾਲ ਖਰਚ-ਸ਼ੇਅਰ-ਮਾਰਕੀਟ, ਦਾ ਵੀ ਥੋੜਾ ਵਿਸ਼ਲੇਸ਼ਣ ਕਰੀਏ। ਜ਼ਿਆਦਾ ਡੂੰਘਾਈ ’ਚ ਨਾ ਜਾਂਦੇ ਹੋਏ ਬਸ ਇਹ ਸਮਝੀਏ ਕਿ ਸ਼ੇਅਰ ਮੰਡੀ ਦੀ ਸੱਟੇਬਾਜ਼ੀ ਕਾਰਨ ਪਿਛਲੇ ਸਾਲ ਦੁਨੀਆਂ ਦੇ ਅਰਥਚਾਰੇ ’ਚ ਹਜ਼ਾਰਾਂ ਅਰਬ ਰੁਪਇਆਂ ਦਾ ਨੁਕਸਾਨ ਹੋਇਆ, ਕਰੋੜਾਂ ਲੋਕਾਂ ਬੇਘਰ ਹੋ ਗਏ, ਦਸਾਂ ਲੱਖ ਦੀ ਨੌਂਕਰੀ ਚਲੀ ਗਈ, ਸੈਂਕੜੇ ਸਾਲ ਪਰਾਣੇ ਬੈਂਕ ਢਹਿ ਗਏ, ਦਹਿ ਕਰੋੜ ਲੋਕਾਂ ਦੀ ਜਿੰਦਗੀ ਭਰ ਦਾ ਸਰਮਾਇਆ ਸਾਫ਼ ਹੋ ਗਿਆ। ਦੁਨੀਆ ਭਰ ’ਚ ਆਰਥਿਕ ਮੰਦੀ ਦਾ ਇਹ ਵਿਕਰਾਲ ਪ੍ਰਕੋਪ ਕਿਸੇ ਸੰਸਾਰ ਜੰਗ ਤੋਂ ਘੱਟ ਵਿਨਾਸ਼ਕਾਰੀ ਨਹੀਂ ਸੀ। ਹੁਣ ਤੁਸੀਂ ਹੀ ਦੱਸੋ ਕਿ ਖ਼ਰਚ ਦੀ ਸੂਚੀ ਕੀ ਸਾਫ਼-ਸਾਫ਼ ਇਹ ਨਹੀਂ ਦਰਸਾਉਂਦੀ ਕਿ ਦੁਨੀਆਂ ਦੇ ਕਰਤੇ-ਧਰਤਿਆਂ ਦੀ ਪਹਿਲ ’ਚ ਗਰੀਬੀ, ਅਸਿੱਖਿਆ, ਕੁਪੋਸ਼ਣ, ਖਰਾਬ ਸਿਹਤ, ਬੇਰੁਜ਼ਗਾਰੀ, ਬਦਹਾਲੀ ਵਰਗੀਆਂ ਸੱਮਸਿਆਵਾਂ ਹਨ ਹੀ ਨਹੀਂ। ਮੂੰਹ ’ਚੋਂ ਇਹ ਪ੍ਰਤਾਪੀ ਜਮਾਤ ਭਾਵੇਂ ਕੁਝ ਵੀ ਕਹੇ, ਉਸਦੀ ਕਥਨੀ ਅਤੇ ਕਰਨੀ ’ਚ ਪਾੜਾ ਕਾਫ਼ੀ ਵਿਸ਼ਾਲ ਹੈ। ਸ਼ਾਇਦ ਇਸ ਲਈ ਜਦੋਂ-ਜਦੋਂ ਗਰੀਬ ਬਹੁਗਿਣਤੀ ਇਹਨਾਂ ਦੇ ਵਿਰੁੱਧ ਜਵਾਬਦੇਹੀ ਦੀ ਉਮੀਦ ਕਰਦੀ ਹੈ, ਤਾਕਤਵਰ ਲੋਕ ਉਹਨਾਂ ਨੂੰ ਕੁਚਲਣ ਦਾ ਪ੍ਰੋਗਰਾਮ ਬਣਾਉਂਦੇ ਹਨ। ਇਰਾਕ-ਅਫ਼ਗਾਨਿਸਤਾਨ ਦੀ ਜੰਗ ’ਚ ਅਮਰੀਕਾ ਨੇ ਹੁਣ ਤੱਕ 7,000 ਲੱਖ ਡਾਲਰ ਖਰਚ ਕਰ ਦਿੱਤਾ ਅਤੇ ਤਮਾਮ ਦਿਲਾਸਿਆਂ ਮਗਰੋਂ ਵੀ ਉਥੇ ਹੀ ਟਿਕਿਆ ਹੋਇਆ ਹੈ। ਗਰੀਬੀ ਹਟਾਉਣ ਦੀ ਬਜਾਏ ਅਰਬਾਂ ਰੁਪਏ ਹੋਰ ਡਾਲਰ ਗਰੀਬਾਂ ਨੂੰ ਹਟਾਉਣ ’ਚ ਲਗਾ ਦਿੱਤੇ ਹਨ, ਪਰ ਦੁਨੀਆ ’ਚ ਨਾਬਰਾਬਰੀ ਦਾ ਵਿਸ਼ਾਲ ਪਾੜਾ ਜ਼ਰਾ ਭਰ

ਵੀ ਨਹੀਂ ਭਰਦਾ, ਸਗੋਂ ਹੋਰ ਵਿਸ਼ਾਲ ਹੁੰਦਾ ਜਾਂਦਾ ਹੈ। ਤੁਸੀਂ ਹੀ ਦੱਸੋ, ਥੋੜ੍ਹਾ ਖ਼ੂਨ-ਖਰਾਬਾ ਘੱਟ ਕਰਨ ਦਾ ਯਤਨ ਅਤੇ ਬਸ ਥੋੜ੍ਹਾ ਹੀ ਸੱਟੇਬਾਜ਼ੀ ਘੱਟ ਕਰਨ ਦੀ ਬੇਨਤੀ, ਕੀ ਇਕ ਨਜਾਇਜ਼ ਮੰਗ ਹੈ ? ਜਵਾਬ ਦੇਣ ਤੋਂ ਪਹਿਲਾਂ ਉਸ ਜਨਮ ਲੈਂਦੇ ਹੀ ਮੌਤ ਦੀ ਤਿਆਰੀ ਕਰਨ ਵਾਲੇ ਬੱਚੇ ਦਾ ਚਿਹਰਾ ਯਾਦ ਕਰ ਲਓ, ਸ਼ਾਇਦ ਜਵਾਬ ਦੇਣਾ ਫਿਰ ਓਨਾ ਮੁਸ਼ਕਿਲ ਨਾ ਹੋਵੇ ?

ਇੰਨੇ ਸਾਰੇ ਤਰਕਾਂ ਦੇ ਅਧਾਰ ’ਤੇ ਕੀ ਅਸੀਂ ਇਹ ਨਿਚੋੜ ਕੱਢੀਏ ਕਿ ਵਸੋਂ ਸਮੱਸਿਆ ਹੈ ਹੀ ਨਹੀਂ ? ਆਓ, ਸਫ਼ਰ ਦੇ ਇਸ ਆਖ਼ਿਰੀ ਪੜਾਅ ’ਚ ਇਸ ’ਤੇ ਵੀ ਚਰਚਾ ਕਰਦੇ ਹਾਂ। ਸਭ ਤੋਂ ਪਹਿਲਾਂ ਅਸੀਂ ਇਹ ਸਮਝ ਬਣਾਈਏ ਕਿ ਵਸੋਂ ਵਧਦੀ ਕਿਉਂ ਹੈ ? ਜਨਮ-ਦਰ ਬਾਰੇ ਅਸੀਂ ਕਾਫ਼ੀ ਚਰਚਾ ਕੀਤੀ ਹੈ, ਪਰ ਉਸਤੋਂ ਇਲਾਵਾ ਮੌਤ ਦਰ ’ਚ ਵੀ ਕਮੀ, ਜਾਂ ਫਿਰ ਦੂਜੀ ਤਰ੍ਹਾਂ ਕਹੋ ਤਾਂ ਔਸਤ ਸੰਭਾਵਿਤ ਉਮਰ ’ਚ ਵਾਧੇ ਤੋਂ ਵੀ ਵਸੋਂ ਵੱਧਦੀ ਹੈ। ਲੋਕ ਜ਼ਿਆਦਾਤਰ ਲੰਮੀ ਉਮਰ ਤੱਕ ਜੀਵਤ ਰਹਿਣਗੇ, ਤਾਂ ਜ਼ਾਹਿਰ ਹੈ ਕਿ ਵਸੋਂ ਆਪਣੇ ਆਪ ਵਧੇਗੀ। ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ 1950-55 ’ਚ ਦੁਨੀਆ ਭਰ ਦਾ ਔਸਤ ਸੰਭਾਵਿਤ ਜੀਵਨ ਕਾਲ ਤਕਰੀਬਨ 46 ਸਾਲ ਹੋਇਆ ਕਰਦਾ ਸੀ। ਇੱਕ ਅੱਧੀ ਸਦੀ ਦੇ ਅੰਤਰਾਲ ’ਚ ਹੀ ਇਹ 20 ਸਾਲ ਵੱਧ ਕੇ 2000-2005 ’ਚ 65 ਸਾਲ ਹੋ ਗਿਆ। ਵਿਕਸਿਤ ਦੇਸ਼ਾਂ ’ਚ ਤਾਂ ਔਸਤ ਵੱਧ ਕੇ ਸੰਭਾਵਿਤ ਉਮਰ 80 ਸਾਲ ਨੂੰ ਛੂਹ ਰਹੀ ਹੈ – ਵਿਕਾਸਸ਼ੀਲ ਮੁਲਕਾਂ ’ਚ ਵੀ ਉਹ ਕਰੀਬਨ 63-65 ਸਾਲ ਹੈ। ਇਸਦੇ ਮੁਕਾਬਲੇ 1850 ਦੇ ਆਸਪਾਸ ਇੰਗਲੈਂਡ ਦੀ ਸੂਤੀ ਮਿਲਾਂ ਦੇ ਗੜ੍ਹ ਲੰਕਾਸ਼ਾਇਰ ’ਚ ਔਸਤ ਮੌਤ ਦੀ ਉਮਰ ਮਹਿਜ਼ 17 ਸਾਲ ਹੋਇਆ ਕਰਦੀ ਸੀ (ਸਰਮਾਇਆ, ਭਾਗ 1)। ਦੁਨੀਆ ਦੀ ਵਸੋਂ ’ਚ ਸਲਾਨਾ ਵਾਧੇ ਦੀ ਦਰ ਪਿਛਲੇ ਚਾਲੀ-ਪੰਤਾਲੀ ਸਾਲਾਂ ’ਚ ਲਗਾਤਾਰ ਘਟੀ ਹੈ। 1965 ’ਚ ਸਲਾਨਾ ਵਸੋਂ ’ਚ ਵਾਧੇ ਦੀ ਦਰ ਤਕਰੀਬਨ 2.1 ਪ੍ਰਤੀਸ਼ਤ ਸੀ, ਜਿਹੜੀ ਘੱਟ ਕੇ ਮਹਿਜ਼ 1.14 ਫੀਸਦੀ ਰਹਿ ਗਈ ਹੈ। ਭਾਰਤ ’ਚ ਇਹ ਦਰ ਸੰਨ 1986 ’ਚ 2.16 ਫੀਸਦੀ ਹੋਇਆ ਕਰਦੀ ਸੀ, ਜਿਹੜੀ ਘੱਟ ਕੇ ਸੰਨ 2008 ’ਚ 1.34 ਫੀਸਦੀ ਹੋ ਗਈ (ਵਰਲਡ ਬੈਂਕ ਡੇਵੇਲਪਮੈਂਟ ਇੰਡੀਕੇਟਰਸ)। ਯਾਣੀ ਵਸੋਂ ਵਧਣ ਦੀ ਮੁੱਖ ਵਜ੍ਹਾ ਇਹ ਨਹੀਂ ਹੈ ਕਿ ਅਸੀਂ ਬੇਲਗਾਮ ਖਰਗੋਸ਼ਾਂ ਦੀ ਤਰਾਂ ਝੁੰਡ ਦੇ ਝੁੰਡ ਬੱਚੇ ਪੈਦਾ ਕਰਦੇ ਜਾ ਰਹੇ ਹਾਂ, ਸਗੋਂ ਸ਼ਾਇਦ ਕੀੜੇ-ਮਕੌੜੇ ਜਾਂ ਮੱਖੀਆਂ ਦੀ ਤਰ੍ਹਾਂ ਬੇਮੌਤ ਮਰ ਨਹੀਂ ਰਹੇ ਹਾਂ। ਕਿਸੇ ਵੀ ਸਮੂਹ ਲਈ ਇਹ ਇਕ ਸ਼ਾਨਦਾਰ ਪ੍ਰਾਪਤੀ ਹੈ, ਇਕ ਬੇਹੱਦ ਖੁਸ਼ੀ, ਅਤੇ ਮਾਣ ਦੀ ਗੱਲ ! ਪਰ ਹੈਰਾਨੀ ਦੀ ਗੱਲ ਹੈ ਕਿ ਸਾਡੀ ਸਰਕਾਰ, ਨੀਤੀ ਬਣਾਉਣ ਵਾਲ਼ੇ ਮਾਹਰ, ਅਮੀਰ ਜਮਾਤ, ਬੁੱਧੀਜੀਵੀ ਤਬਕਾ ਅਤੇ ਕਾਫ਼ੀ ਗਿਣਤੀ ’ਚ ਮੱਧਵਰਗੀ ਲੋਕ ਵੀ ਇਸਦਾ ਮਾਤਮ ਮਨਾ ਰਹੇ ਹਨ। ਕੀ ਉਹ ਇਸ ਗੱਲ ਨਾਲ ਖੁਸ਼ ਨਹੀਂ ਹਨ ਕਿ ਜਿਥੇ ਸਾਡੇ ਦਾਦਾ-ਨਾਨਾ, 40-42 ਸਾਲ ’ਚ ਹੀ ਮੌਤ ਦੀ ਤਿਆਰੀ ’ਚ ਜੁਟ ਜਾਂਦੇ ਸਨ, ਉਥੇ ਅੱਜ ਜ਼ਿਆਦਾਤਰ ਲੋਕ 65-70 ਸਾਲ ਤੱਕ ਤਿਆਰ ਅਤੇ ਮੁੰਕਮਲ ਤੌਰ ’ਤੇ ਜਿੰਦਗੀ ਜੀਣ ਦੀ ਸੰਭਾਵਨਾ ਰੱਖਦੇ ਹਨ ?

ਸਾਡਾ ਮੰਨਣਾ ਹੈ ਕਿ ਇਹਨਾਂ ਸਮਝਦਾਰਾਂ ਨੂੰ ਵਸੋਂ ਨਾਲ਼ ਜੁੜੀ ਫੌਰੀ ਇਕ ਵਿਕਰਾਲ ਸੱਮਸਿਆ 'ਤੇ ਗੌਰ ਕਰਨਾ ਚਾਹੀਦਾ ਹੈ। ਕਿਸੇ ਵੀ ਸਮਾਜ ਦਾ ਸਭ ਤੋਂ ਮੱਹਤਵਪੂਰਨ ਸ੍ਰੋਤ, ਮਨੁੱਖੀ ਸ੍ਰੋਤ ਹਨ- ਸਿਹਤਮੰਦ, ਤਾਕਤਵਰ ਬੱਚੇ ਅਤੇ ਨੌਜਵਾਨ ਵਰਗ। ਹੁਣ ਇਹ ਡੂੰਘੀ ਚਿੰਤਾ ਦੀ ਗੱਲ ਹੈ ਕਿ ਦੁਨੀਆਂ ਦੇ ਕਈ ਦੇਸ਼ਾਂ 'ਚ ਜਨਮ-ਦਰ ਇੰਨੀ ਵੀ ਨਹੀਂ ਹੈ ਕਿ ਵਸੋਂ ਅੱਜ ਦੀ ਪੱਧਰ ਤੱਕ ਵੀ ਬਣੀ ਰਹੇ। ਰੂਸ, ਜਰਮਨੀ, ਚੈਕ ਰਿਪਬਲਿਕ, ਪੌਲੈਂਡ, ਇਟਲੀ, ਜਪਾਨ ਅਤੇ ਆਸਟਰੀਆ ਵਰਗੇ ਮੁਲਕਾਂ 'ਚ ਤਾਂ ਵਸੋਂ ਦੀ ਵਾਧਾ ਦਰ ਜ਼ੀਰੋ ਤੋਂ ਘੱਟ ਹੈ— ਯਾਣੀ ਉਹਨਾਂ ਦੀ ਵਸੋਂ ਕ੍ਰਮਵਾਰ ਘੱਟਦੀ ਜਾ ਰਹੀ ਹੈ। ਮਾਹਰਾਂ ਦਾ ਮੰਨਣਾ ਹੈ ਕਿ ਦੁਨੀਆਂ ਦੀ ਵਸੋਂ, ਜਿਹੜੀ ਅੱਜ ਤਕਰੀਬਨ 6.5 ਅਰਬ ਹੈ, ਸੰਨ 2040 ਤੱਕ ਤਾਂ ਰੇਂਗਦੀ ਹੋਈ ਵਧੇਗੀ ਅਤੇ 7.6 ਅਰਬ ਤੱਕ ਪਹੁੰਚ ਜਾਵੇਗੀ, ਉਸ ਮਗਰੋਂ ਸਾਲ-ਦਰ-ਸਾਲ ਘਟੇਗੀ ਅਤੇ ਇੱਕੀਵੀਂ ਸਦੀ ਦੇ ਅੰਤ ਤੱਕ ਉਹ ਘੱਟ ਕੇ ਪੰਜ ਅਰਬ ਰਹਿ ਜਾਵੇਗੀ। ਪਰ ਚਿੰਤਾ ਦਾ ਵਿਸ਼ਾ ਇਹ ਹੈ ਕਿ ਉਸ ਵਸੋਂ 'ਚ ਬੱਚੇ ਅਤੇ ਨੌਜਵਾਨ ਵਰਗ ਦੇ ਲੋਕਾਂ ਦਾ ਅਨੁਪਾਤ ਅੱਜ ਦੇ ਮੁਕਾਬਲੇ ਕਿਤੇ ਘੱਟ ਹੋਵੇਗਾ। ਅੱਜ ਵੀ ਕਈ ਵਿਕਸਿਤ ਦੇਸ਼ਾਂ 'ਚ ਵਸੋਂ ਦੀ ਔਸਤ ਉਮਰ 35 ਤੋਂ 50 ਵਰ੍ਹੇ ਹਨ, ਪਰ ਇਸ ਸਦੀ ਦੇ ਅੰਤ ਤੱਕ ਬਹੁਗਿਣਤੀ ਲੋਕ 65 ਜਾਂ ਉਸਤੋਂ ਜ਼ਿਆਦਾ ਉਮਰ ਦੇ ਹੋਣਗੇ। ਇਹ ਹਾਲ ਸਿਰਫ਼ ਯੂਰਪ, ਅਮਰੀਕਾ 'ਚ ਹੀ ਨਹੀਂ, ਸਗੋਂ ਚੀਨ, ਭਾਰਤ ਅਤੇ ਅਫ਼ਰੀਕੀ ਦੇਸ਼ਾਂ 'ਚ ਵੀ ਹੋਵੇਗਾ। ਕੀ ਤੁਸੀਂ ਕਲਪਨਾ ਕਰ ਸਕਦੇ ਹੋ ਇਸ ਭਿਅੰਕਰ ਮੁਸੀਬਤ ਦਾ, ਜਿਥੇ ਬੱਚਿਆਂ ਦੀ ਕਿਲਕਾਰੀਆਂ, ਨੌਜਵਾਨਾਂ ਦਾ ਦ੍ਰਿੜ ਉਤਸ਼ਾਹ ਬਹੁਗਿਣਤੀ ਬਜ਼ੁਰਗਾਂ ਦੀ ਕਰਾਹ ਹੇਠਾਂ ਦਬ ਜਾਵੇਗੀ ? ਕਿਥੋਂ ਆਉਣਗੀਆਂ ਨਵੀਂਆਂ ਸੰਭਾਵਨਾਵਾਂ, ਨਵੀਂ ਊਰਜਾ, ਨਵੇਂ ਵਿਚਾਰ, ਨਵੇਂ ਪ੍ਰਯੋਗ ? ਕਿਸੇ ਵੀ ਪ੍ਰਜਾਤੀ ਲਈ ਇਹ ਇੱਕ ਭਿਅੰਕਰ ਸੰਕਟ ਦਾ ਵਿਸ਼ਾ ਹੈ। ਮਾਹਰ ਇਸ ਫੌਰੀ ਹਾਲਤ ਨੂੰ ਵਸੋਂ ਦਾ ਅਸਲੀ ਸੰਕਟ ਮੰਨਦੇ ਹਨ। ਕਿਸੇ ਨੇ ਠੀਕ ਹੀ ਕਿਹਾ ਸੀ ਕਿ ਬਿਮਾਰੀ ਦਾ ਸਹੀ ਡਾਇਗਨੋਸਿਸ (ਯਾਣੀ ਪਹਿਚਾਣ) ਕਰਨ ਨਾਲ਼ ਹੀ ਅਸੀਂ ਉਸਦਾ ਸਹੀ ਇਲਾਜ ਕਰ ਸਕਦੇ ਹਾਂ। ਇਹ ਪਹਿਲਾ ਅਤੇ ਵਾਜ਼ਬ ਕਦਮ ਲਏ ਬਿਨਾਂ ਇਲਾਜ ਕਰਨਾ, ਅੰਨ੍ਹੇ ਦੇ ਹੱਥ 'ਚ ਛੁਰੀ ਫੜਾਉਣ ਦੇ ਬਰਾਬਰ ਹੈ—ਮਰੀਜ ਦੀ ਗਰਦਨ ਵੀ ਕੱਟੀ ਜਾ ਸਕਦੀ ਹੈ। ਹੁਣ ਇਹ ਸਾਡੇ ਸਭ 'ਤੇ ਹੈ ਕਿ ਹੁਣ ਆਪਣੀ ਸਾਰੀ ਊਰਜਾ, ਉੱਦਮ ਇਸ ਗੱਲ 'ਤੇ ਲਗਾਈਏ ਕਿ ਸਾਡੇ ਸਭ ਤੋਂ ਅਨਮੋਲ ਸ੍ਰੋਤ— ਮਨੁੱਖ, ਉਸਦੀ ਜ਼ਿੰਦਗੀ ਕਿਵੇਂ ਹੋਰ ਖੁਸ਼ਹਾਲ ਬਣਾਈਏ, ਉਹਨਾਂ ਦੀਆਂ ਬੁਨਿਆਦੀ ਲੋੜਾਂ ਬੁਨਿਆਦੀ ਹੱਕ-ਸਰੂਪ ਕਿਵੇਂ ਉਪਲਬਧ ਕਰਾਈਏ, ਤਾਂ ਕਿ ਹਰ ਬੱਚਾ, ਬੁੱਢਾ ਅਤੇ ਨੌਜਵਾਨ, ਨਰ-ਨਾਰੀ, ਸਾਰੇ ਆਪਣੀ ਸਿਰਜਣਸ਼ਕਤੀ ਦੀ ਭਰਪੂਰ ਵਰਤੋਂ ਕਰ ਸਕਣ ਅਤੇ ਸਭ ਸੰਭਾਵਨਾਵਾਂ ਚੌਤਰਫ਼ਾ ਵਿਕਸਿਤ ਹੋ ਸਕਣ। ਜਾਂ ਫਿਰ ਇਕ ਸ਼ੁਤਰਮੁਰਗ ਦੀ ਤਰ੍ਹਾਂ ਰੇਤ 'ਚ ਸਿਰ ਲਕੋਈ ਇਹਨਾਂ ਸੰਭਾਵਨਾਵਾਂ ਦਾ ਬੇਰਹਿਮ ਕਤਲ ਕਰਨ ਦੀ ਯੋਜਨਾ ਬਣਾਈਏ ? ਫ਼ੈਸਲਾ ਤੁਹਾਡੇ 'ਤੇ ਹੈ, ਮੇਰੇ 'ਤੇ ਹੈ, ਸਾਡੇ ਸਭ 'ਤੇ ਹੈ। ਇਤਿਹਾਸ ਦੇ ਪੰਨੇ ਪਲਟਦੇ ਹੋਏ ਭਵਿੱਖ ਦੀਆਂ ਪੀੜ੍ਹੀਆਂ ਸਾਡੀਆਂ ਕਮਜ਼ੋਰੀਆਂ 'ਤੇ ਹਮਦਰਦੀ ਤਾਂ ਜਤਾ ਸਕਦੀਆਂ ਹਨ ,

ਸਾਡੇ ਨਾਕਾਮ, ਅੰਸ਼ਿਕ ਯਤਨਾਂ ਨਾਲ਼ ਇਤਫ਼ਾਕ ਰੱਖ ਸਕਦੀਆਂ ਹਨ, ਪਰ ਸਾਡੀ ਗੈਰ–ਸਰਗਰਮੀ ਜਾਂ ਬੇਈਮਾਨ ਨਾਲ ਚੁੱਕੇ ਗਏ ਕਦਮਾਂ ਨੂੰ ਮਾਫ਼ ਨਹੀਂ ਕਰਨਗੀਆਂ, ਕਦੇ ਨਹੀਂ।

**ਸੰਦਰਭ ਸੂਚੀ**

1. ਐਫ.ਐਸ. ਲਾਪੇ, ਜੋਸੇਫ ਕਾਂਲਿੰਸ, ਪੀਟਰ ਰੋਸੇਟ ਅਤੇ ਲੁਇਸ ਇਸਪਰਜਾ, 1998, ਵਰਲਡ ਹੰਗਰ–ਟਰੈਵਲਜ਼ ਮਿਥਜ਼, ਗ੍ਰੋਵ ਪ੍ਰੇਸ, ਨਿਊਯਾਰਕ

2. ਕਾਰਲ ਮਾਰਕਸ, ਸਰਮਾਇਆ ਭਾਗ ਪਹਿਲਾ

3. ਥਾਮਸ ਮਾਲਥਸ, 1798, ਐਨ ਐਸੇ ਆਨ ਪ੍ਰਿੰਸੀਪਲ ਆਫ਼ ਪਾਪੁਲੇਸ਼ਨ

4. ਸਟੀਵੇਨ ਮੋਸ਼ਰ, 2008, ਪਾਪੁਲੇਸ਼ਨ ਕੰਟਰੋਲਰ ਰੀਅਲ ਕਾਸਟਲ, ਇਲਯੂਜ਼ਰੀ ਬੇਨੇਫ਼ਿਟਸ ਟ੍ਰਾਜੈਕਸ਼ਨ ਪਬਲੀਸ਼ਰਜ਼

5. ਹਿਊਮਨ ਡੇਵੇਲਪਮੈਂਟ ਰਿਪੋਰਟ, 1998 ਓਵਰਵਿਊ— ਚੇਜਿੰਗ ਟੁੱਡੇਜ਼, ਕੰਜ਼ਪਸ਼ਨ ਪੈਟੰਰਸ ਫ਼ਾਰ ਟੁਮਾਰੋਜ਼

6. ਹਿਊਮਨ ਡੇਵੇਲਪਮੈਂਟ ਰਿਪੋਰਟ, 2009)

(**ਧੰਨਵਾਦ ਸਹਿਤ- ਵਿਕਲਪਿਕ ਆਰਥਿਕ ਸਰਵੇ**, 2009-2010)

# ਵਧਦੀ ਅਬਾਦੀ ਦਾ ''ਸੰਕਟ'' ਤੇ ਬੌਧਿਕ ਕੰਗਾਲੀ ਦਾ ''ਬ੍ਰਮ''

**● ਡਾ. ਅੰਮ੍ਰਿਤ**

ਵਧਦੀ ਅਬਾਦੀ ਨੂੰ ਇੱਕ ਮਹਾਂ-ਸਮੱਸਿਆ ਬਣਾ ਕੇ ਪੇਸ਼ ਕਰਨ ਅਤੇ ਮੌਜੂਦਾ ਦੌਰ 'ਚ ਸਾਹਮਣੇ ਆ ਰਹੇ ਸਮਾਜਿਕ-ਆਰਥਿਕ ਸੰਕਟਾਂ ਦੇ ਇੱਕ ਮੁੱਖ ਕਾਰਕ ਵਜੋਂ ਅਬਾਦੀ ਦੇ 'ਸੰਕਟ' ਨੂੰ ਜਿੰਮੇਵਾਰ ਠਹਿਰਾਉਣ ਦੀ 'ਮਿਹਨਤ' ਸਰਮਾਏਦਾਰੀ ਦੇ ਟੁੱਕੜ-ਬੋਚ ਵਿਦਵਾਨ ਲਗਾਤਾਰ ਕਰਦੇ ਆਏ ਹਨ ਤਾਂ ਕਿ ਆਮ ਕਿਰਤੀ ਲੋਕਾਂ ਦੀ ਬਦਹਾਲੀ ਦੇ ਅਸਲ ਕਾਰਨਾਂ ਭਾਵ ਸਰਮਾਏਦਾਰਾ ਲੁੱਟ 'ਤੇ ਪਰਦਾ ਪਾਇਆ ਜਾ ਸਕੇ। ਸਰਕਾਰੀ ਭੌਂਪੂ ਦੂਰਦਰਸ਼ਨ ਬੜੇ ਚਿਰਾਂ ਤੋਂ ਕੀੜਿਆਂ ਦਾ ਭੌਣ ਦਿਖਾ-ਦਿਖਾ ਕੇ ਇਸ ਸਬੰਧੀ ਆਮ ਲੋਕਾਂ ਨੂੰ ਡਰਾਉਂਦਾ ਰਿਹਾ ਹੈ। ਪਿਛਲੇ ਦੋ ਕੁ ਸਾਲਾਂ 'ਚ ਇਸਦਾ **ਪੰਜਾਬੀ ਦੇ ਉੱਘੇ ਸਾਹਿਤਕਾਰ ਨਾਵਲਕਾਰ ਗੁਰਦਿਆਲ ਸਿੰਘ ਹੁਰਾਂ** 'ਤੇ ਖਾਸਾ ਅਸਰ ਹੋ ਗਿਆ ਹੈ ਅਤੇ ਉਹਨਾਂ ਨੇ ਪੰਜਾਬੀ ਟ੍ਰਿਬਿਊਨ 'ਚ ਛਪਣ ਵਾਲ਼ੇ ਆਪਣੇ ਲੇਖਾਂ ਦਾ ਮੁੱਖ ਵਿਸ਼ਾ **'ਵਧਦੀ ਅਬਾਦੀ ਦਾ ਸੰਕਟ'** ਬਣਾ ਰੱਖਿਆ ਹੈ। ਇਹਨਾਂ ਲੇਖਾਂ 'ਚ ਤਰਕ ਕਿੰਨਾ ਕੁ ਹੈ ਤੇ ਬੌਧਿਕ ਕੰਗਾਲੀ ਕਿੰਨੀ ਕੁ ਹੈ, ਇਸ ਬਾਰੇ ਅਸੀਂ ਇਸ ਲੇਖ 'ਚ ਚਰਚਾ ਕਰਾਂਗੇ। ਗੁਰਦਿਆਲ ਸਿੰਘ ਹੁਰਾਂ ਤੋਂ ਇਲਾਵਾ 'ਕੀੜਿਆਂ ਦੇ ਭੌਣ' ਵਾਲ਼ੇ ਦ੍ਰਿਸ਼ ਨੇ ਜੀਵ ਵਿਗਿਆਨ ਦੇ ਪ੍ਰੋਫੈਸਰ ਰਹੇ **ਸ਼੍ਰੀ ਸੁਰਜੀਤ ਸਿੰਘ ਢਿੱਲੋਂ** (ਜਿਹਨਾਂ ਦੇ ਲੇਖ ਪੜ੍ਹ ਕੇ ਅਕਸਰ ਇਹ ਸਮਝ ਨਹੀਂ ਆਉਂਦਾ ਕਿ ਉਹ ਲਿਖਦੇ ਕਿਉਂ ਹਨ, ਤੇ ਜੇ ਲਿਖਣਾ ਵਿਅਕਤੀਗਤ ਮਾਮਲਾ ਹੈ ਤਾਂ ਛਪਦੇ ਕਿਉਂ ਹਨ ਕਿਉਂਕਿ ਛਪਣਾ ਤਾਂ ਜਨਤਕ ਮਾਮਲਾ ਹੈ!!) ਅਤੇ ਤਰਕਸ਼ੀਲ **ਸ਼੍ਰੀ ਗੁਰਚਰਨ ਨੂਰਪੁਰ** 'ਤੇ ਵੀ ਇੰਨਾ ਅਸਰ ਕਰਿਆ ਹੈ ਕਿ ਉਹ ਵੀ ਆਪਣੀ ''ਵਿਗਿਆਨਕ ਸੂਝ'' ਅਤੇ ''ਤਰਕਸ਼ੀਲਤਾ'' ਨੂੰ ਛੱਡ ਕੇ ਨਾਵਲਕਾਰ ਗੁਰਦਿਆਲ ਸਿੰਘ ਹੁਰਾਂ ਦੇ ਹਮਰਾਹੀ ਬਣ ਤੁਰੇ ਹਨ।

ਸਭ ਤੋਂ ਪਹਿਲਾਂ ਗੁਰਦਿਆਲ ਸਿੰਘ ਹੁਰਾਂ ਦੇ ਲੇਖਾਂ ਬਾਰੇ ਉਹਨਾਂ ਦੇ ਲੇਖਾਂ ਦਾ ਸਿਰਲੇਖ ਪੜ੍ਹ ਕੇ ਪਾਠਕ ਸੋਚਦਾ ਹੈ ਕਿ ਲੇਖ 'ਚ ਅਬਾਦੀ ਦੇ ਵਾਧੇ ਬਾਰੇ ਕੋਈ ਤੱਥਾਂ ਸਹਿਤ ਵਿਸ਼ਲੇਸ਼ਣ ਹੋਵੇਗਾ ਅਤੇ ਲੇਖ ਮਸਲੇ ਦੀ ਕੋਈ ਸਮਝ ਪੱਲੇ ਪਾਵੇਗਾ

ਪਰ ਹੁੰਦਾ ਬਿਲਕੁਲ ਉਲਟ ਹੈ। ਲੇਖ 'ਚ ਅਧਿਓਂ ਵੱਧ ਹਿੱਸਾ ਤਾਂ ਅਕਸਰ ਸਿਰਲੇਖ ਨਾਲ਼ ਹੀ ਕੋਈ ਸਬੰਧ ਨਹੀਂ ਰੱਖਦਾ ਹੁੰਦਾ, ਅਜਿਹੀਆਂ ਬੇਸਿਰ-ਪੈਰ ਬੇਥਵੀਆਂ (ਵੈਸੇ ਬੇਥਵੀਆਂ ਹੁੰਦੀਆਂ ਹੀ ਬੇਸਿਰ-ਪੈਰ ਹਨ) ਮਾਰੀਆਂ ਹੁੰਦੀਆਂ ਹਨ ਕਿ ਉਹਨਾਂ ਦੇ ਲੇਖ ਨੂੰ ਪੜ੍ਹਨਾ ਹੀ ਇੱਕ ਇਮਤਿਹਾਨ ਹੋ ਨਿੱਬੜਦਾ ਹੈ। ਖੈਰ, ਇਸ ਪਤਲੀ ਖਿਚੜੀ 'ਚੋਂ ਜੋ ਕੁਝ ਦਲੀਲਾਂ ਲੱਭੀਆਂ ਹਨ, ਉਹਨਾਂ 'ਤੇ ਗੱਲ ਕਰਦੇ ਹਾਂ। 2 ਫਰਵਰੀ, 2011 'ਚ ਛਪੇ ਉਹਨਾਂ ਦੇ ਲੇਖ "ਅਬਾਦੀ ਤੇ ਉਤਪਾਦਨ ਦਾ ਸੰਕਟ" 'ਚ *ਉਹਨਾਂ ਅਨੁਸਾਰ - "ਮੁੱਖ ਤੇ ਵਿਰਾਟ ਸਮੱਸਿਆ ਵਧਦੀ ਅਬਾਦੀ, ਘਟਦੇ ਉਤਪਾਦਨ ਦੀ ਹੈ, ਜਿਸ ਦਾ ਨੇੜ-ਭਵਿੱਖ ਵਿੱਚ ਕੋਈ ਹੱਲ ਨਜ਼ਰ ਨਹੀਂ ਆਉਂਦਾ।"* **ਕੀ ਭਾਰਤ 'ਚ ਖੁਰਾਕੀ ਪਦਾਰਥਾਂ ਦੀ ਪੈਦਾਵਾਰ ਘੱਟ ਰਹੀ ਹੈ ? ਬਿਲਕੁਲ ਵੀ ਨਹੀਂ।** 1951 'ਚ ਭਾਰਤ ਵਿੱਚ ਅਨਾਜ ਦੀ ਪੈਦਾਵਾਰ 5.1 ਕਰੋੜ ਟਨ ਸੀ ਜੋ ਸਾਲ 2008-09 ਤੱਕ ਵਧ ਕੇ 22.90 ਕਰੋੜ ਟਨ ਹੋ ਗਈ ਹੈ ਭਾਵ ਕਿ 4.5 ਗੁਣਾ ਵਾਧਾ (ਸ੍ਰੋਤ - ਰਜਿਸਟਰਾਰ ਜਨਰਲ ਆਫ਼ ਇੰਡੀਆ, ਇਕਨਾਮਿਕ ਸਰਵੇ ਆਫ਼ ਇੰਡੀਆ)। ਕੀ ਭਾਰਤ 'ਚ ਖੁਰਾਕੀ ਪਦਾਰਥਾਂ ਦੀ ਪੈਦਾਵਾਰ ਅਬਾਦੀ 'ਚ ਵਾਧੇ ਦੇ ਮੁਕਾਬਲੇ ਘੱਟ ਤੇਜ਼ ਰਫਤਾਰ ਨਾਲ਼ ਵਧ ਰਹੀ ਹੈ ? ਇੱਥੇ ਵੀ ਜਵਾਬ ਨਾਂਹ 'ਚ ਹੈ। 1951 'ਚ ਭਾਰਤ ਦੀ ਅਬਾਦੀ ਲੱਗਭਗ 36 ਕਰੋੜ ਸੀ ਜੋ 2008-09 'ਚ ਵਧ ਕੇ 114 ਕਰੋੜ ਹੋ ਗਈ ਹੈ ਭਾਵ ਕਿ 3.16 ਗੁਣਾ ਦਾ ਵਾਧਾ। ਇਸ ਤਰ੍ਹਾਂ ਸਾਫ਼ ਹੈ ਅਨਾਜ ਦੀ ਪੈਦਾਵਾਰ ਅਬਾਦੀ 'ਚ ਵਾਧੇ ਦੀ ਰਫ਼ਤਾਰ ਤੋਂ ਲੱਗਭਗ ਡੇਢ ਗੁਣਾ ਵਧੇਰੇ ਰਫ਼ਤਾਰ ਨਾਲ਼ ਵਧੀ ਹੈ।

ਹੁਣ ਕੋਈ ਕਹਿ ਸਕਦਾ ਹੈ ਕਿ ਠੀਕ ਹੈ, ਅਨਾਜ ਦੀ ਪੈਦਾਵਾਰ ਵਧੀ ਹੈ ਪਰ ਅਜੇ ਵੀ ਪ੍ਰਤੀ ਵਿਅਕਤੀ ਨੂੰ ਜਿੰਨੀ ਮਾਤਰਾ ਅਨਾਜ ਦੀ ਚਾਹੀਦੀ ਹੈ ਉਸ ਤੋਂ ਤਾਂ ਇਹ ਘੱਟ ਹੀ ਹੈ, ਇਸ ਲਈ ਭੁੱਖਮਰੀ ਫੈਲੀ ਹੋਈ ਹੈ ਅਤੇ ਜੇ ਅਬਾਦੀ ਘੱਟ ਹੁੰਦੀ ਜਾਂ ਘੱਟ ਹੋਵੇ ਤਾਂ ਅਨਾਜ ਦੀ ਉਪਲਬਧਤਾ ਜ਼ਰੂਰਤ ਅਨੁਸਾਰ ਹੋਵੇਗੀ। ਕੀ ਇਸ ਦਲੀਲ 'ਚ ਕੋਈ ਵਜ਼ਨ ਹੈ ? ਇੱਕ ਵਾਰ ਫਿਰ ਤੱਥ ਨਾਂਹ 'ਚ ਜਵਾਬ ਦਿੰਦੇ ਹਨ। ਸੰਤੁਲਤ ਭੋਜਨ ਦੇ ਪੈਮਾਨੇ ਦੇ ਅਨੁਸਾਰ ਔਸਤ ਸਰੀਰਕ ਮਿਹਨਤ ਕਰਨ ਵਾਲ਼ੇ ਬਾਲਗ ਪੁਰਸ਼ ਲਈ 520 ਗ੍ਰਾਮ, ਔਸਤ ਸਰੀਰਕ ਮਿਹਨਤ ਕਰਨ ਵਾਲ਼ੀ ਬਾਲਗ ਔਰਤ ਲਈ 440 ਗ੍ਰਾਮ, 10-18 ਦੇ ਲੜਕੇ ਲਈ 420 ਗ੍ਰਾਮ ਅਤੇ 10-18 ਦੀ ਲੜਕੀ ਲਈ 380 ਗ੍ਰਾਮ ਪ੍ਰਤੀ ਦਿਨ ਅਨਾਜ ਦੀ ਲੋੜ ਹੁੰਦੀ ਹੈ। ਸਾਲ 2008-09 ਦੇ ਅਨਾਜ ਪੈਦਾਵਾਰ ਦੇ ਅੰਕੜਿਆਂ ਦੇ ਹਿਸਾਬ ਨਾਲ ਭਾਰਤ ਦੇ ਹਰੇਕ ਵਿਅਕਤੀ ਨੂੰ 548 ਗ੍ਰਾਮ ਅਨਾਜ ਪ੍ਰਤੀ ਦਿਨ ਅਨਾਜ ਮੁਹੱਈਆ ਕਰਵਾਇਆ

ਜਾ ਸਕਦਾ ਹੈ। ਭਾਵੇਂ ਭਾਰਤ ਵਿੱਚ ਅਨਾਜ ਦੀ ਪੈਦਾਵਾਰ ਵਧਾਈ ਜਾ ਸਕਦੀ ਹੈ ਕਿਉਂਕਿ ਭਾਰਤ ਦੇ ਕੁੱਲ ਖੇਤੀਯੋਗ ਭੂਮੀ 'ਚੋਂ ਸਿਰਫ਼ 50% ਹਿੱਸੇ ਨੂੰ ਹੀ ਸਿੰਜਾਈ ਦੀ ਸਹੂਲਤ ਹੈ, ਬਾਕੀ ਖੇਤੀ ਮੀਂਹ ਸਹਾਰੇ ਹੈ। ਹੜ੍ਹਾਂ ਤੇ ਸੋਕੇ ਨਾਲ਼ ਹੋਣ ਵਾਲ਼ੀ ਫਸਲਾਂ ਦੀ ਤਬਾਹੀ ਅਲੱਗ ਹੈ ਜਿਸ ਨੂੰ ਬਹੁਤ ਹੱਦ ਤੱਕ ਰੋਕਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਫਸਲਾਂ ਦਾ ਝਾੜ ਵੀ ਭਾਰਤ 'ਚ ਵਿਕਸਤ ਦੇਸ਼ਾਂ ਦੇ ਮੁਕਾਬਲੇ 'ਤੇ ਘੱਟ ਹੈ। ਪਰ ਪੈਦਾਵਾਰ ਦੇ ਮੌਜੂਦਾ ਪੱਧਰ ਨਾਲ਼ ਵੀ ਅੰਨ ਦੀ ਕੋਈ ਕਮੀ ਨਹੀਂ ਹੈ ਜਿਸ ਤਰਾਂ ਕਿ ਗੁਰਦਿਆਲ ਸਿੰਘ ਹੁਰਾਂ ਵੱਲੋਂ ਹੋ-ਹੱਲਾ ਮਚਾਇਆ ਗਿਆ ਹੈ। ਉਂਝ ਇਹ ਹੋ-ਹੱਲਾ ਮਚਾਉਣ 'ਚ ਗੁਰਦਿਆਲ ਸਿੰਘ ਇਕੱਲੇ ਨਹੀਂ ਹਨ, ਦੁਨੀਆਂ ਭਰ ਦੇ ਨਵ-ਮਾਲਥਸਵਾਦੀ, ਬੁਰਜੂਆ ਕੌਲੀ-ਚੱਟ ਅਤੇ ਸਰਕਾਰਾਂ ਇਸ ਵਿੱਚ ਉਹਨਾਂ ਨਾਲ਼ ਹਨ ਭਾਵੇਂ ਉਹ ਕਿੰਨਾ ਵੀ ਆਪਣੇ ਆਪ ਨੂੰ ਇਹਨਾਂ ਤੋਂ ਅਲੱਗ ਕਹਿ ਲੈਣ।

*ਉਹਨਾਂ ਦੇ ਲੇਖਾਂ 'ਚੋਂ ਇਹ ਸਾਹਮਣੇ ਆਉਂਦਾ ਹੈ ਕਿ ਉਹਨਾਂ ਅਨੁਸਾਰ ਬੇਰੁਜ਼ਗਾਰੀ, ਗਰੀਬੀ, ਬਿਮਾਰੀਆਂ, ਡਾਕਟਰੀ ਸਹੂਲਤਾਂ ਨਾ ਮਿਲਣ ਦਾ ਸਭ ਤੋਂ ਵੱਡਾ ਤੇ ਮੁੱਖ ਕਾਰਨ ਵਧਦੀ ਅਬਾਦੀ ਹੈ।* ਪਹਿਲਾਂ ਬਿਮਾਰੀਆਂ ਦੀ ਗੱਲ ਕਰੀਏ। ਦੇਸ਼ ਦੀ ਬਹੁਗਿਣਤੀ ਅਬਾਦੀ ਲੋੜੀਂਦਾ ਪੌਸ਼ਟਿਕ ਭੋਜਨ ਨਹੀਂ ਖਾ ਪਾਉਂਦੀ ਅਤੇ ਵੱਧ ਕੰਮ ਕਰਦੀ ਹੈ, ਅੱਤ ਦੀਆਂ ਗੰਦੀਆਂ ਬਸਤੀਆਂ 'ਚ ਬਣੇ ਭਿਆਨਕ ਕਮਰਿਆਂ 'ਚ ਰਹਿੰਦੀ ਹੈ ਜਿਸਦਾ ਸਿੱਟਾ ਅਬਾਦੀ ਦੇ ਇਸ ਹਿੱਸੇ ਦੇ ਲਗਾਤਾਰ ਬਿਮਾਰ ਰਹਿਣ 'ਚ ਨਿੱਕਲਦਾ ਹੈ। ਦੂਜੇ ਪਾਸੇ ਅਬਾਦੀ ਦਾ ਇੱਕ ਛੋਟਾ ਹਿੱਸਾ ਭਾਵ ਮੱਧਵਰਗ ਤੇ ਸਰਮਾਏਦਾਰ ਜਮਾਤ ਲੋੜੋਂ ਬਹੁਤਾ ਖਾਂਦਾ ਹੈ ਅਤੇ ਸਰੀਰ ਨੂੰ ਸਿਹਤਮੰਦ ਰੱਖਣ ਲਈ ਜਿੰਨਾ ਸਰੀਰਕ ਕੰਮ ਕਰਨਾ ਬਣਦਾ ਹੈ ਓਨਾ ਵੀ ਨਹੀਂ ਕਰਦਾ, ਜਿਸਦਾ ਨਤੀਜਾ ਮੋਟਾਪਾ, ਸ਼ੂਗਰ, ਬਲੱਡਪ੍ਰੈਸ਼ਰ ਦਾ ਵਧਣਾ ਤੇ ਦਿਲ ਦੀਆਂ ਬਿਮਾਰੀਆਂ 'ਚ ਨਿਕਲਦਾ ਹੈ। **ਬਿਮਾਰੀਆਂ ਦੀ ਇਹ 'ਜਮਾਤੀ ਵੰਡ' ਸਰਮਾਏਦਾਰੀ ਢਾਂਚੇ ਦੀ ਦੇਣ ਹੈ, ਨਾ ਕਿ ਇਸਦਾ ਅਬਾਦੀ ਨਾਲ਼ ਕੋਈ ਸਬੰਧ ਹੈ।** ਬਾਕੀ ਰਹੀ ਡਾਕਟਰੀ ਸਹੂਲਤਾਂ ਦੀ ਘਾਟ ਦੀ ਗੱਲ, ਇੱਕ ਛੋਟੀ ਜਿਹੀ ਉਦਾਹਰਨ ਇਸਦਾ ਥੋਥਾਪਣ ਦਿਖਾਉਣ ਲਈ ਕਾਫ਼ੀ ਹੈ। ਹੁਣੇ ਹੁਣੇ ਹੋਏ ਇੱਕ ਅਧਿਐਨ (Narendra Gupta (2010-11): What It Costs to Provide Medicines to All Sick Persons in India, (ਭਾਰਤ ਦੇ ਸਾਰੇ ਬੀਮਾਰਾਂ ਨੂੰ ਦਵਾ ਮੁਹੱਈਆ ਕਰਨ ਦੀ ਲਾਗਤ ਕੀ ਹੈ) *MFC Bulletin,* August-January, Issue 342-43, 11, 2011) ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਪੂਰੇ ਭਾਰਤ ਦੇ ਲੋਕਾਂ ਨੂੰ ਸਾਰੀਆਂ ਜ਼ਰੂਰੀ ਦਵਾਈਆਂ ਮੁਫ਼ਤ ਮੁਹੱਈਆ

ਕਰਵਾਉਣ ਲਈ 30,000 ਕਰੋੜ ਰੁਪੈ ਦੀ ਜਰੂਰਤ ਹੈ। ਬਜਟ ਅਨੁਸਾਰ ਭਾਰਤ ਦੀ 2011-12 ਦੀ ਘਰੇਲੂ ਪੈਦਾਵਾਰ 89 ਲੱਖ ਕਰੋੜ ਦੇ ਕਰੀਬ ਹੋਣ ਦੀ ਉਮੀਦ ਹੈ ਅਤੇ ਇਸੇ ਬਜਟ ਵਿੱਚ ਸਿੱਧੇ-ਅਸਿੱਧੇ ਰੂਪ ਵਿੱਚ 5.12 ਲੱਖ ਕਰੋੜ ਰੁਪੈ ਦੀਆਂ ਟੈਕਸ ਛੋਟਾਂ ਸਰਮਾਏਦਾਰਾਂ ਨੂੰ ਦਿੱਤੀਆਂ ਗਈਆਂ ਹਨ। ਪਰ ਇਸੇ ਕੇਂਦਰੀ ਬਜਟ 'ਚ ਸਿਹਤ ਲਈ ਰੱਖੀ ਰਕਮ 26,760 ਕਰੋੜ ਹੈ ਜੋ ਪੂਰੇ ਬਜਟ ਦਾ ਮਹਿਜ 0.29% ਬਣਦੀ ਹੈ ਖੈਰ, ਜੇ ਇਸਦਾ ਦੁੱਗਣਾ ਹੀ ਕਰ ਦਿੱਤਾ ਜਾਵੇ ਤਾਂ ਬਹੁਤੇ ਲੋਕਾਂ ਨੂੰ ਦਵਾਈਆਂ ਮੁਫ਼ਤ ਮਿਲ਼ ਸਕਣਗੀਆਂ। ਲੱਗਦਾ ਹੈ ਪੈਸੇ ਦੀ ਤਾਂ ਕੋਈ ਕਮੀ ਨਹੀਂ !!

**ਬੇਰੁਜ਼ਗਾਰੀ ਵੀ ਸਰਮਾਏਦਾਰਾ ਪ੍ਰਬੰਧ ਦੀ ਢਾਂਚਾਗਤ ਸਮੱਸਿਆ ਹੈ। ਬੇਰੁਜ਼ਗਾਰੀ ਤੋਂ ਸੱਖਣਾ ਸਰਮਾਏਦਾਰਾ ਪ੍ਰਬੰਧ ਦੀ ਇੱਛਾ ਕਰਨਾ ਦਿਨੇ ਸੁਪਨੇ ਦੇਖਣਾ ਹੈ।** ਬੇਰੁਜ਼ਗਾਰੀ ਦੀ ਸਮੱਸਿਆ ਸਰਮਾਏਦਾਰੀ ਦੇ ਜਨਮ ਤੋਂ ਹੀ ਬਣੀ ਹੋਈ ਹੈ ਤੇ ਇਸਦੇ ਸੰਕਟ ਦੇ ਦੌਰਾਂ 'ਚ ਇਹ ਵਧੇਰੇ ਵਿਕਰਾਲ ਰੂਪ ਧਾਰ ਲੈਂਦੀ ਹੈ। ਇਹ ਉਸ ਸਮੇਂ ਵੀ ਸਰਮਾਏਦਾਰੀ ਢਾਂਚੇ 'ਚ ਅੱਜ ਜਿੰਨੀ ਵੱਡੀ ਸਮੱਸਿਆ ਸੀ ਜਦੋਂ ਦੁਨੀਆਂ ਦੀ ਅਬਾਦੀ ਅੱਜ ਨਾਲ਼ੋਂ ਸੱਤ ਗੁਣਾ ਘੱਟ ਸੀ। ਬੇਰੁਜ਼ਗਾਰਾਂ ਦੀ ਫੌਜ਼ ਸਰਮਾਏਦਾਰੀ ਪ੍ਰਬੰਧ ਦੀ ਇੱਕ ਲਾਜ਼ਮੀ ਪੈਦਾਵਾਰ ਵੀ ਹੈ ਅਤੇ ਇਸ ਫੌਜ਼ ਨੂੰ ਬਣਾਈ ਰੱਖਣਾ ਸਰਮਾਏਦਾਰੀ ਲਈ ਜ਼ਰੂਰੀ ਵੀ ਹੈ ਕਿਉਂਕਿ ਬੇਰੁਜ਼ਗਾਰਾਂ ਦੀ ਇੱਕ ਵਾਧੂ ਵਸੋਂ ਹੋਣ ਕਾਰਨ ਮਜਦੂਰਾਂ 'ਚ ਮੁਕਾਬਲਾ ਬਣਿਆ ਰਹਿੰਦਾ ਹੈ ਤੇ ਉਜਰਤਾਂ ਨੀਵੀਆਂ ਰਹਿੰਦੀਆਂ ਹਨ। ਬਾਕੀ ਜੇ ਅਬਾਦੀ ਹੀ ਬੇਰੁਜ਼ਗਾਰੀ ਦਾ ਕਾਰਨ ਹੁੰਦੀ ਤਾਂ ਅੱਜ ਯੂਰਪ ਤੇ ਅਮਰੀਕਾ ਵਿੱਚ ਜੋ ਬੇਰੁਜ਼ਗਾਰੀ ਫੈਲੀ ਹੈ ਉਹ ਤਾਂ ਬਿਲਕੁਲ ਹੀ ਨਹੀਂ ਹੋਣੀ ਚਾਹੀਦੀ ਸੀ। ਅਸਲ 'ਚ ਬੇਰੁਜ਼ਗਾਰੀ ਦਾ ਕਾਰਨ ਅਬਾਦੀ ਨੂੰ ਦੱਸਣਾ ਸਰਮਾਏਦਾਰਾਂ ਦੇ ਪਾਲਤੂ ਅਰਥਸ਼ਾਸ਼ਤਰੀਆਂ ਦੀ ਕਾਢ ਹੈ ਜਿਸ ਲਈ ਉਹਨਾਂ ਨੂੰ ਆਪਣੇ ਮਾਲਕਾਂ ਤੋਂ 'ਸ਼ਾਬਾਸ਼ੀ' ਮਿਲਦੀ ਹੈ ਪਰ ਗੁਰਦਿਆਲ ਸਿੰਘ ਜਿਹੇ ਵਿਦਵਾਨ ਵੀ ਅਗਿਆਨਤਾ ਕਾਰਨ ਇਹਨਾਂ ਦੇ ਤਰਕਾਂ 'ਚ ਉਲਝਕੇ ਰਹਿ ਜਾਂਦੇ ਹਨ। ਉਂਝ ਵੀ ਜੇ ਉਹ ਥੋੜਾ-ਬਹੁਤ ਕੌਮਾਂਤਰੀ ਖਬਰਾਂ ਪੜ੍ਹਦੇ ਰਹਿਣ ਤਾਂ ਇਸ ਵਹਿਮ ਦਾ ਨਿਪਟਾਰਾ ਸੌਖੇ ਹੀ ਹੋ ਜਾਂਦਾ!

ਪਰ ਹੱਦ ਤਾਂ ਉਹ ਉਦੋਂ ਕਰ ਦਿੰਦੇ ਹਨ ਜਦੋਂ ਉਹ ਕਹਿੰਦੇ ਹਨ ਕਿ ਲੁੱਟ-ਮਾਰ ਦੀਆਂ ਘਟਨਾਵਾਂ ਅਤੇ *"ਮੱਧਵਰਗ" ਦਾ "ਹੇਠਲੇ ਆਮ ਲੋਕਾਂ - ਮਜ਼ਦੂਰਾਂ, ਕਿਸਾਨਾਂ ਤੇ ਹੋਰ ਨਿੱਕੇ-ਮੋਟੇ ਕੰਮ-ਕਾਰ ਕਰਨ ਵਾਲ਼ਿਆਂ" ਦੁਆਰਾ "ਜਿਉਣਾ ਹਰਾਮ" ਕਰਨ ਪਿੱਛੇ ਇਹੀ ਸਭ ਤੋਂ ਵੱਡਾ ਤੇ ਮੁੱਖ ਕਾਰਨ ਹੈ।* ਥੋੜੀ-ਬਹੁਤ ਸੂਝ ਰੱਖਣ ਵਾਲ਼ਾ ਇੱਕ ਆਮ ਆਦਮੀ ਵੀ ਇਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਲੁੱਟਾਂ-ਖੋਹਾਂ ਦਾ

ਮੁੱਖ ਕਾਰਨ ਆਰਥਿਕ ਨਾ-ਬਰਾਬਰੀ 'ਚ ਹੈ। ਸਿਆਸੀ ਆਰਥਿਕਤਾ ਦਾ ਵਿਦਿਆਰਥੀ ਭਲੀਭਾਂਤ ਜਾਣਦਾ ਹੈ ਕਿ ਨਿੱਜੀ ਜਾਇਦਾਦ 'ਤੇ ਅਧਾਰਤ ਢਾਂਚਾ ਲੁੱਟਾਂ-ਖੋਹਾਂ, ਚੋਰੀ-ਡਾਕਿਆਂ ਦਾ ਬੁਨਿਆਦੀ ਕਾਰਨ ਹੈ। ਪਰ ਗੁਰਦਿਆਲ ਸਿੰਘ ਸਿਆਸੀ ਆਰਥਿਕਤਾ ਦੇ ਵਿਦਿਆਰਥੀ ਦੀ ਸਮਝ ਦਿਖਾਉਣੀ ਤਾਂ ਦੂਰ (ਜਿਸਦੀ ਉਹਨਾਂ ਤੋਂ ਤਵੱਕੋ ਕੀਤੀ ਜਾਂਦੀ ਹੈ), ਇੱਕ ਆਮ ਆਦਮੀ ਜਿੰਨੀ ਸਮਝ ਵੀ ਨਹੀਂ ਦਿਖਾਉਂਦੇ। "ਮੱਧਵਰਗ ਦਾ ਜਿਉਣਾ ਹਰਾਮ" ਵਾਲ਼ਾ ਉਹਨਾਂ ਦਾ ਕਥਨ ਉਹਨਾਂ ਦਾ ਜਮਾਤੀ ਖਾਸਾ ਵੀ ਇੱਕਦਮ ਸਪੱਸ਼ਟ ਕਰ ਦਿੰਦਾ ਹੈ ਜਿਸ ਬਾਰੇ ਅਸੀਂ ਅੱਗੇ ਗੱਲ ਕਰਾਂਗੇ। ਗੁਰਦਿਆਲ ਸਿੰਘ ਜੀ, ਪਹਿਲੀ ਗੱਲ ਤਾਂ ਚੋਰੀ-ਡਾਕੇ ਦਾ ਸ਼ਿਕਾਰ ਸਿਰਫ਼ "ਮੱਧਵਰਗ" ਹੀ ਨਹੀਂ, "ਹੇਠਲੇ ਆਮ ਲੋਕ - ਮਜ਼ਦੂਰ, ਕਿਸਾਨ ਤੇ ਹੋਰ ਨਿੱਕੇ-ਮੋਟੇ ਕੰਮ-ਕਾਰ ਕਰਨ ਵਾਲ਼ੇ" ਤੁਹਾਡੇ ਚਹੇਤੇ "ਮੱਧਵਰਗ" ਤੋਂ ਕਿਤੇ ਜ਼ਿਆਦਾ ਹਨ, ਫ਼ਰਕ ਬੱਸ ਇੰਨਾ ਹੈ ਕਿ ਮੱਧਵਰਗ ਦੇ ਚੀਕ-ਚਿਹਾੜੇ ਨੂੰ ਅਖਬਾਰਾਂ-ਟੀਵੀ ਚੈਨਲਾਂ ਦੀ ਕਵਰੇਜ ਮਿਲਦੀ ਹੈ, ਤੁਹਾਡੇ ਵਰਗੇ ਬੁੱਧੀਜੀਵੀ ਉਹਦੇ ਲਈ "ਕਲਮ ਘਸਾਈ" ਕਰ ਲੈਂਦੇ ਹਨ ਤੇ ਸਿੱਟੇ ਵਜੋਂ ਪੁਲਿਸ-ਪ੍ਰਸ਼ਾਸਨ-ਲੀਡਰਾਂ ਨੂੰ ਵੀ ਕੁਝ ਨਾ ਕੁਝ ਹੱਥ-ਪੈਰ ਹਿਲਾਉਣੇ ਹੀ ਪੈਂਦੇ ਹਨ ਪਰ "ਹੇਠਲੇ ਆਮ ਲੋਕਾਂ" ਦੀ ਕੋਈ ਸੁਣਵਾਈ ਨਹੀਂ। ਜੇ ਕਿਤੇ ਉਹਨਾਂ ਦੇ ਗੁੱਸੇ ਦਾ ਲਾਵਾ ਸੜਕਾਂ 'ਤੇ ਫੁੱਟ ਪਵੇ ਤਾਂ ਤੁਹਾਡਾ "ਮੱਧਵਰਗ" ਹੀ ਇਹਨਾਂ ਨੂੰ ਕੁੱਟਣ 'ਚ ਪੁਲਿਸ ਦੀ ਮਦਦ ਕਰਨ ਪਹੁੰਚਦਾ ਹੈ। ਦੂਜੀ ਗੱਲ, ਚੋਰੀ-ਡਾਕੇ, ਲੁੱਟਾਂ-ਖੋਹਾਂ ਸਿਰਫ਼ "ਹੇਠਲੇ ਆਮ ਲੋਕ - ਮਜ਼ਦੂਰ, ਕਿਸਾਨ ਤੇ ਹੋਰ ਨਿੱਕੇ-ਮੋਟੇ ਕੰਮ-ਕਾਰ ਕਰਨ ਵਾਲ਼ੇ" ਹੀ ਕਰਦੇ ਹਨ, ਇਹ ਗੂੜ੍ਹ ਗਿਆਨ ਤੁਸੀਂ ਕਿੱਥੋਂ ਹਾਸਿਲ ਕੀਤਾ, ਇਹ ਵੀ ਸਪੱਸ਼ਟ ਕਰਿਓ। ਇਹ ਢਾਂਚਾ ਜਿਸ ਵਿੱਚ ਤੁਹਾਡਾ ਮੱਧਵਰਗ ਪ੍ਰੇਸ਼ਾਨ ਹੈ, ਖੜ੍ਹਾ ਹੀ ਮਜ਼ਦੂਰਾਂ-ਕਿਸਾਨਾਂ ਦੀ ਲੁੱਟ-ਚੋਂਘ ਦੇ ਸਿਰ 'ਤੇ ਹੈ। ਬਾਕੀ ਮੱਧਵਰਗ ਦੇ ਬਥੇਰੇ ਨਸ਼ੇੜੀ ਤੇ ਬੇਰੁਜ਼ਗਾਰ ਨੌਜਵਾਨ ਵੀ ਚੋਰੀ-ਡਾਕੇ, ਲੁੱਟਾਂ-ਖੋਹਾਂ 'ਚ ਗਲਤਾਨ ਹਨ। ਤੀਸਰੀ ਗੱਲ, ਜੇ "ਹੇਠਲੇ ਆਮ ਲੋਕ" ਮੱਧਵਰਗ ਦਾ "ਜਿਉਣਾ ਹਰਾਮ" ਕਰਦੇ ਵੀ ਹਨ ਤਾਂ ਸਿਰਫ਼ ਇਸ ਕਰਕੇ ਕਿ ਅਮੀਰ ਵਰਗ ਜਿਸ 'ਚ ਸਰਮਾਏਦਾਰ, ਨੌਕਰਸ਼ਾਹ ਆਦਿ ਸ਼ਾਮਿਲ ਹੁੰਦੇ ਹਨ, ਆਪਣੀ ਸੁੱਰਖਿਆ ਮਜਬੂਤ ਕਰਕੇ ਰੱਖਦਾ ਹੈ ਤੇ "ਆਮ ਲੋਕਾਂ" ਨੂੰ ਆਪਣੇ ਨੇੜੇ ਨਹੀਂ ਫਟਕਣ ਦਿੰਦੇ। ਸਿੱਟੇ ਵਜੋਂ ਉਹਨਾਂ ਦੀ ਮਾਰ ਹੇਠ "ਮੱਧਵਰਗ" ਆ ਜਾਂਦਾ ਹੈ। ਜੇ ਦੋਸ਼ ਦੇਣਾ ਹੈ ਤਾਂ ਅਮੀਰ ਵਰਗ ਨੂੰ ਦਿਓ ਜੋ ਹੇਠਲੇ ਵਰਗ ਦੀ ਲੁੱਟ-ਖੋਹ ਕਰਨ ਵੇਲੇ ਤਾਂ ਮੱਧਵਰਗ ਨੂੰ ਛੋਟਾ ਭਾਈਵਾਲ ਬਣਾ ਲੈਂਦਾ ਹੈ ਪਰ ਮੱਧਵਰਗ ਨੂੰ ਹੇਠਲੇ ਵਰਗ ਦੀ ਲੁੱਟ-ਖੋਹ ਤੋਂ ਬਚਾਉਣ ਲਈ ਪੁਖਤਾ ਇੰਤਜ਼ਾਮ ਨਹੀਂ ਕਰਦਾ!!

ਉਹਨਾਂ ਦੇ ਲੇਖ ਅਜਿਹੀ "ਉਲਝੀ ਤਾਣੀ" ਹਨ ਕਿ ਕੋਈ ਕੰਮ ਦੀ ਗੱਲ ਲੱਭਣੀ ਮਾਰੂਥਲ 'ਚ ਪਾਣੀ ਲੱਭਣ ਤੋਂ ਘੱਟ ਨਹੀਂ। ਉਪਰੋਕਤ ਲੇਖ ਦੀ ਉਹ ਸ਼ੁਰੂਆਤ ਮਹਿੰਗਾਈ ਦੀ ਸਮੱਸਿਆ ਨਾਲ ਕਰਦੇ ਹਨ, ਅਤੇ ਫਿਰ ਉਹ ਜਿਵੇਂ ਕਿਵੇਂ ਇੱਥੇ ਆ ਪੁੱਜਦੇ ਹਨ - "(ਮਹਿੰਗਾਈ ਦਾ) ਇੱਕ ਸਧਾਰਨ ਕਾਰਨ ਤਾਂ ਇਹ ਹੈ ਕਿ ਜੇ ਦਸ ਚੀਜ਼ਾਂ ਦਾ ਉਤਪਾਦਨ ਹੁੰਦਾ ਹੈ ਤਾਂ ਉਨ੍ਹਾਂ ਨੂੰ ਖਰੀਦਣ ਵਾਲ਼ਿਆਂ ਦੀ ਗਿਣਤੀ ਚਾਲੀ-ਪੰਜਾਹ ਹੈ, ਜਿਸ ਦੀ ਜੇਬ ਭਾਰੀ ਹੈ ਉਹ ਚੀਜ਼ 'ਤੇ ਹੋਏ ਖਰਚੇ ਤੋਂ ਦੁੱਗਣਾ ਮੁੱਲ ਦੇ ਕੇ ਖਰੀਦ ਲਏਗਾ।" ਇਸ ਤਰ੍ਹਾਂ *ਉਹਨਾਂ ਦਾ ਮੰਨਣਾ ਹੈ ਕਿ ਵੱਧ ਅਬਾਦੀ ਭਾਵ ਵੱਧ ਖਰੀਦਦਾਰ ਤੇ ਚੀਜ਼ਾਂ ਦੀਆਂ ਕੀਮਤਾਂ 'ਚ ਵਾਧਾ, ਭਾਵ ਮਹਿੰਗਾਈ ਇਸ ਕਰਕੇ ਹੈ ਕਿ ਅਬਾਦੀ ਵੱਧ ਹੈ।* ਅਨਾਜ ਦੀ ਪੈਦਾਵਾਰ ਸਬੰਧੀ ਅੰਕੜੇ ਤਾਂ ਅਸੀਂ ਪਹਿਲਾਂ ਹੀ ਦੇਖ ਆਏ ਹਾਂ ਜੋ ਗੁਰਦਿਆਲ ਸਿੰਘ ਹੁਰਾਂ ਦੇ ਉਕਤ ਦਾਅਵੇ ਦੀ ਫੂਕ ਕੱਢਣ ਲਈ ਕਾਫ਼ੀ ਹਨ। ਬਾਕੀ ਅੰਕੜੇ ਦੇਣੇ ਲੇਖ ਨੂੰ ਖਾਹਮਖਾਹ ਲੰਬਾ ਖਿੱਚਣਾ ਹੋਵੇਗਾ। ਪਰ ਗੁਰਦਿਆਲ ਸਿੰਘ ਹੁਰਾਂ ਦੇ ਕੁਤਰਕ ਜ਼ਾਰੀ ਹਨ। ਉਪਰੋਕਤ ਸਤਰਾਂ ਤੋਂ ਤੁਰੰਤ ਅੱਗੇ ਉਹ ਦੱਸਦੇ ਹਨ - "ਸਭ ਤੋਂ ਵਧੇਰੇ ਗੁੰਝਲਦਾਰ ਸਮੱਸਿਆ ਇਹ ਹੈ ਕਿ ਕਿਸੇ ਵੀ ਫ਼ਸਲ ਦੀ ਉਪਜ ਕਰਨ ਤੇ ਕਿਸੇ ਚੀਜ਼ ਨੂੰ ਬਣਾਉਣ ਉੱਤੇ ਖਰਚ ਕਿਵੇਂ ਵੱਧਦਾ ਜਾਂ ਘੱਟਦਾ ਹੈ ? ਮਿਸਾਲ ਵਜੋਂ ਲੋਹੇ ਦੀ ਕੋਈ ਵੀ ਚੀਜ਼ ਬਣਾਉਣ ਲਈ ਸਭ ਤੋਂ ਪਹਿਲਾਂ ਲੋਹੇ ਦੀਆਂ ਖਾਣਾਂ ਵਿੱਚੋਂ ਲੋਹਾ-ਮਿੱਟੀ ਕੱਢਣੀ ਪੈਂਦੀ ਹੈ, ਉਸ ਨੂੰ ਕੱਢਣ ਲਈ ਜੋ ਮਜ਼ਦੂਰ ਕੰਮ ਕਰਦੇ ਹਨ ਉਨ੍ਹਾਂ ਦੀ ਮਜ਼ਦੂਰੀ, ਉਨ੍ਹਾਂ ਦੀ ਸਰੀਰਕ ਸ਼ਕਤੀ ਨਾਲ਼ ਤੈਅ ਹੁੰਦੀ ਹੈ। ਮਜ਼ਦੂਰ ਨੂੰ ਉਹਦੀ ਸਰੀਰਕ ਤਾਕਤ ਲਈ ਜੋ ਵੀ ਖੁਰਾਕ ਖਾਣੀ ਪੈਂਦੀ ਹੈ, ਜੇ ਉਸ 'ਤੇ ਦਸ ਰੁਪਏ ਖਰਚ ਹੁੰਦੇ ਹਨ ਤਾਂ ਉਹਨੂੰ ਮਜ਼ਦੂਰੀ ਪੰਦਰਾਂ ਤੋਂ ਵੀਹ ਰੁਪਏ ਦੇਣੀ ਪਏਗੀ (ਸਗੋਂ ਤੀਹ-ਪੈਂਤੀ ਰੁਪਏ ਕਿਉਂਕਿ ਉਹਨੇ ਪਰਿਵਾਰ ਦੇ ਕੰਮ ਨਾ ਕਰਨ ਜੋਗੇ ਬਜ਼ੁਰਗਾਂ, ਬੱਚਿਆਂ, ਔਰਤਾਂ ਨੂੰ ਵੀ, ਇਸੇ ਮਜ਼ਦੂਰੀ ਵਿੱਚੋਂ ਜਿਊਂਦੇ ਰੱਖਣ ਲਈ ਪੈਸਾ ਖਰਚਣਾ ਹੈ) ਜੇ ਉਸ ਦੀ ਖੁਰਾਕ ਦਾ ਮੁੱਲ ਵਧੇਰੇ ਹੈ ਤਾਂ ਮਜ਼ਦੂਰੀ ਵੀ ਵੱਧ ਦੇਣੀ ਪਏਗੀ।" ਇਸ ਸਾਰੀ ਸ਼ਬਦੀ ਬਾਜ਼ੀਗਰੀ ਦਾ ਉਹ ਭਾਵੇਂ ਖੁਦ ਕੋਈ ਸਿੱਟਾ ਨਹੀਂ ਕੱਢਦੇ। ਅਸਲ 'ਚ ਉਹ ਇੱਥੇ ਮਹਿੰਗਾਈ ਦਾ ਦੂਜਾ ਤੇ ਗੁੰਝਲਦਾਰ ਕਾਰਨ ਦੱਸ ਰਹੇ ਹਨ। ਪਰ ਦੱਸਦੇ ਦੱਸਦੇ ਉਲਝ ਜਾਂਦੇ ਹਨ ਤੇ ਆਪਣੀ ਡੱਡੂ-ਟਪੂਸੀਆਂ ਲਾਉਣ ਦੀ ਆਦਤ ਤੋਂ ਮਜ਼ਬੂਰ ਹੋ ਕੇ ਇਸਨੂੰ ਵਿਚਾਲੇ ਛੱਡ ਮਸ਼ੀਨਾਂ ਦੁਆਰਾ ਲੋਕਾਂ ਨੂੰ ਬੇਰੁਜ਼ਗਾਰ ਕਰ ਦੇਣ ਦੇ ਮਸਲੇ 'ਤੇ ਜਾ ਬੈਠਦੇ ਹਨ (ਉਹਨਾਂ ਅਨੁਸਾਰ ਭਾਰਤ 'ਚ ਆਉਣ ਵਾਲ਼ੇ ਸਮੇਂ ਮਸ਼ੀਨਾਂ 90-95 ਕਰੋੜ ਲੋਕਾਂ ਨੂੰ ਬੇਕਾਰ ਕਰ ਦੇਣਗੀਆਂ !!)। ਖੈਰ ਅਸੀਂ

ਉਹਨਾਂ ਦੇ ਉਪਰੋਕਤ ਤਰਕ ਨੂੰ ਨਤੀਜਾ ਨਸੀਬ ਕਰਨ ਦੀ ਕੋਸ਼ਿਸ਼ ਕਰਦੇ ਹਾਂ।

ਪਹਿਲਾ ਸਧਾਰਨ ਕਾਰਨ ਸੀ ਕਿ ਮੰਗ ਵਧਣ ਨਾਲ਼ ਕੀਮਤਾਂ ਵੱਧਦੀਆਂ ਹਨ, ਭਾਵੇਂ ਇਹ ਕੁਝ ਹੱਦ ਤੱਕ ਠੀਕ ਹੈ ਪਰ ਅਬਾਦੀ ਦਾ ਇਸ ਨਾਲ਼ ਸਬੰਧ ਕਿੰਨਾ ਕੁ ਹੈ, ਇਹ ਅਸੀਂ ਦੇਖ ਹੀ ਲਿਆ ਹੈ। ਦੂਜੇ ਕਾਰਨ ਅਨੁਸਾਰ, ਪੈਦਾਵਾਰ ਦਾ ਖਰਚਾ ਵਧਣ ਨਾਲ਼ ਵੀ ਮਹਿੰਗਾਈ ਵਧਦੀ ਹੈ। ਇਹ ਬੌਧਿਕ ਕੰਗਾਲੀ ਦਾ ਨਾਯਾਬ ਨਮੂਨਾ ਹੈ ਜੋ ਸੁੱਖ ਨਾਲ਼ ਪੰਜਾਬ 'ਚ ਦੁਰਲੱਭ ਨਹੀਂ ਹੈ। ਅੱਗੇ ਵਧਣ ਤੋਂ ਪਹਿਲਾਂ ਇਹ ਦੇਖ ਲਈਏ ਕਿ ਕਿਸੇ ਚੀਜ਼ ਦੀ ਕੀਮਤ ਕੀ ਹੁੰਦੀ ਹੈ? ਕਿਸੇ ਚੀਜ਼ ਦੀ ਕੀਮਤ ਉਸ ਵਿੱਚ ਸਮੋਈ ਮਨੁੱਖੀ ਕਿਰਤ ਦਾ ਮੁਦਰਾ 'ਚ ਪ੍ਰਗਟਾਵਾ ਹੈ। ਹੁਣ ਦੇਖਿਆ ਜਾਵੇ ਕਿ ਕੀ ਮਜਦੂਰ ਦੀ ਦਿਹਾੜੀ ਵਧਣ ਨਾਲ਼ ਉਸ ਦੁਆਰਾ ਬਣਾਈ ਜਾਂਦੀ ਚੀਜ਼ ਨੂੰ ਬਣਾਉਣ 'ਚ ਖਰਚ ਕੀਤੀ ਜਾਂਦੀ ਕਿਰਤ 'ਚ ਕੋਈ ਫ਼ਰਕ ਪੈਂਦਾ ਹੈ, ਬਿਲਕੁਲ ਵੀ ਨਹੀਂ। ਇਸ ਲਈ ਮਜ਼ਦੂਰ ਦੀ ਦਿਹਾੜੀ ਵਧਣ ਜਾਂ ਘਟਣ ਨਾਲ਼ ਕਿਸੇ ਚੀਜ਼ ਦੀ ਕੀਮਤ 'ਚ ਕੋਈ ਫ਼ਰਕ ਨਹੀਂ ਪੈਣਾ ਚਾਹੀਦਾ ਹੈ। ਪਰ ਗੁਰਦਿਆਲ ਸਿੰਘ ਅਨੁਸਾਰ ਮਜ਼ਦੂਰੀ ਵਧਣ ਨਾਲ ਕੀਮਤ ਵਧ ਜਾਂਦੀ ਹੈ। ਅਸਲ 'ਚ ਉਹ ਵੀ ਸਰਮਾਏਦਾਰੀ ਦੁਆਰਾ ਲੋਕਾਂ ਨੂੰ ਮੂਰਖ ਬਣਾਉਣ ਲਈ ਕਾਲਜਾਂ 'ਚ ਪੜ੍ਹਾਏ ਜਾਂਦੇ ਅਰਥ-ਸ਼ਾਸ਼ਤਰ ਦੇ ਸ਼ਿਕਾਰ ਹਨ। ਇਸਨੂੰ ਥੋੜਾ ਹੋਰ ਵਿਸਥਾਰ 'ਚ ਸਮਝਣ ਦੀ ਲੋੜ ਹੈ ਜਿਸ ਨਾਲ਼ ਮਹਿੰਗਾਈ ਪਿੱਛੇ ਅਸਲੀ ਕਾਰਨ ਵੀ ਸਪੱਸ਼ਟ ਹੋ ਸਕੇਗਾ।

ਕਿਸੇ ਮਜਦੂਰ ਦੀ ਉਜਰਤ ਭਾਵੇਂ ਪੈਸਿਆਂ ਦੇ ਰੂਪ 'ਚ ਮਿਲਦੀ ਹੈ ਪਰ ਅਸਲ 'ਚ ਇਹ ਚੀਜ਼ਾਂ ਦੀ ਉਹ ਮਾਤਰਾ ਹੈ ਜੋ ਉਹ ਸਰਮਾਏਦਾਰ ਕੋਲ ਆਪਣੀ ਕਿਰਤ-ਸ਼ਕਤੀ ਵੇਚਣ ਦੇ ਵੱਟੇ 'ਚ ਪ੍ਰਾਪਤ ਕਰ ਸਕਦਾ ਹੈ ਜਾਂ ਕਿਹਾ ਜਾਵੇ ਖਰੀਦ ਸਕਦਾ ਹੈ। ਇਸ ਲਈ ਉਜਰਤ ਵਧਣ ਦਾ ਮਤਲਬ ਹੈ ਮਜਦੂਰ ਨੂੰ ਵੱਧ ਚੀਜ਼ਾਂ ਦਾ ਮਿਲਣਾ ਤੇ ਉਜਰਤ ਘਟਣ ਦਾ ਮਤਲਬ ਹੈ ਘੱਟ ਚੀਜ਼ਾਂ ਦਾ ਮਿਲਣਾ। ਹੁਣ ਕਿਉਂਕਿ ਸਰਮਾਏਦਾਰ ਜਮਾਤ ਲਈ ਆਪਣਾ ਮੁਨਾਫ਼ਾ ਵਧਾਉਣ ਵਾਸਤੇ ਹਮੇਸ਼ਾਂ ਇਹ ਸੰਭਵ ਨਹੀਂ ਹੁੰਦਾ ਕਿ ਉਹ ਮਜਦੂਰਾਂ ਦੀ ਪੈਸਿਆਂ ਦੇ ਰੂਪ 'ਚ ਮਿਲਣ ਵਾਲ਼ੀ ਉਜਰਤ ਨੂੰ ਘਟਾ ਦੇਵੇ, ਇਸ ਲਈ ਉਹ ਟੇਢੇ ਤਰੀਕੇ ਨਾਲ਼ ਘਿਓ ਕੱਢਦੀ ਹੈ, ਉਹ ਚੀਜ਼ਾਂ ਦੀਆਂ ਕੀਮਤਾਂ ਵਧਾ ਕੇ ਪੇਸ਼ ਕਰਦੀ ਹੈ ਜਿਸ ਕਾਰਨ ਮਜਦੂਰਾਂ ਦੀ ਅਸਲ ਉਜਰਤ ਘੱਟ ਜਾਂਦੀ ਹੈ ਤੇ ਸਰਮਾਏਦਾਰ ਜਮਾਤ ਦਾ ਮੁਨਾਫ਼ਾ ਵਧ ਜਾਂਦਾ ਹੈ। ਇੱਥੇ ਇਹ ਵੀ ਸਾਫ਼ ਕਰਨ ਦੀ ਲੋੜ ਹੈ ਕਿ ਮੁਨਾਫ਼ਾ ਹੁੰਦਾ ਕੀ ਹੈ? ਕਿਸੇ ਖਾਸ ਸਮੇਂ 'ਚ ਹੋਈ ਕੁਲ ਸਮਾਜਿਕ ਪੈਦਾਵਾਰ ਦੇ ਹਿੱਸੇ 'ਚੋਂ ਸਰਮਾਏਦਾਰ ਜਮਾਤ ਵੱਲੋਂ ਹੜੱਪਿਆ ਹਿੱਸਾ ਹੀ ਉਸਦਾ ਮੁਨਾਫਾ ਹੁੰਦਾ ਹੈ ਤੇ ਮਜਦੂਰ ਜਮਾਤ ਨੂੰ ਮਿਲਿਆ ਹਿੱਸਾ ਉਸਦੀ

ਉਜਰਤ ਹੁੰਦੀ ਹੈ। ਇੱਕ ਛੋਟੀ ਜਿਹੀ ਉਦਾਹਰਣ ਇਸਨੂੰ ਹੋਰ ਸਪੱਸ਼ਟ ਕਰੇਗੀ। ਮੰਨ ਲਵੋ 10 ਵਿਅਕਤੀ ਜਿਹਨਾਂ 'ਚੋਂ ਦੋ ਸਰਮਾਏਦਾਰ ਤੇ ਅੱਠ ਮਜਦੂਰ ਹਨ, ਇੱਕ ਵੱਡੇ ਭਾਂਡੇ 'ਚੋਂ ਖੀਰ ਖਾਣ ਬੈਠਦੇ ਹਨ। ਹਰੇਕ ਦੇ ਹੱਥ 'ਚ ਆਪਣਾ-ਆਪਣਾ ਚਮਚਾ ਹੈ ਤੇ ਭਾਂਡੇ 'ਚ 100 ਚਮਚੇ ਖੀਰ ਦੇ ਹਨ। ਇਹ ਤੈਅ ਹੁੰਦਾ ਹੈ ਕਿ 50 ਚਮਚੇ ਖੀਰ ਸਰਮਾਏਦਾਰਾਂ ਦੀ ਅਤੇ 50 ਚਮਚੇ ਮਜ਼ਦੂਰਾਂ ਦੀ। ਪਰ ਸਰਮਾਏਦਾਰ ਆਪਣਾ ਹਿੱਸਾ ਹੋਰ ਵਧਾਉਣਾ ਚਾਹੁੰਦੇ ਹਨ ਜੋ ਦੋ ਤਰੀਕਿਆਂ ਨਾਲ਼ ਸੰਭਵ ਹੈ। ਪਹਿਲਾ ਤਰੀਕਾ ਹੈ ਕਿ ਸਰਮਾਏਦਾਰ ਸਿੱਧੇ ਹੀ ਮਜਦੂਰਾਂ ਨੂੰ ਖੀਰ ਹਾਸਿਲ ਕਰਨ ਤੋਂ ਰੋਕਣ (ਭਾਵ ਪੈਸਿਆਂ ਦੇ ਰੂਪ 'ਚ ਉਜਰਤ ਘਟਾਉਣ) ਜੋ ਕਿਸੇ ਹੱਦ ਤੱਕ ਹੀ ਸੰਭਵ ਹੈ ਅਤੇ ਜਿਸ ਵਿੱਚ ਮਜ਼ਦੂਰਾਂ ਵੱਲੋਂ ਜਵਾਬੀ ਹਮਲੇ ਦਾ ਵੀ ਖਤਰਾ ਹੈ। ਦੂਜਾ ਤਰੀਕਾ ਇਹ ਹੈ ਕਿ ਸਰਮਾਏਦਾਰ ਕਿਸੇ ਤਰੀਕੇ ਨਾਲ ਮਜਦੂਰਾਂ ਦੇ ਚਮਚੇ ਦਾ ਅਕਾਰ ਛੋਟਾ ਕਰ ਦੇਣ, ਜਿਸ ਨਾਲ਼ ਚਮਚਿਆਂ ਦੀ ਗਿਣਤੀ ਤਾਂ ਓਨੀ ਹੀ ਰਹੇਗੀ ਪਰ ਮਜਦੂਰਾਂ ਦਾ ਹਿੱਸਾ ਘੱਟ ਜਾਵੇਗਾ। ਬਿਲਕੁਲ ਇਹੀ ਕੰਮ ਸਰਮਾਏਦਾਰ ਜਮਾਤ ਮਹਿੰਗਾਈ ਤੇ ਮੁਦਰਾ ਸਫ਼ੀਤੀ ਵਧਾਉਣ ਰਾਹੀਂ ਕਰਦੀ ਹੈ। ਇਸ ਤਰ੍ਹਾਂ ਮਹਿੰਗਾਈ ਵਧਣ ਦਾ ਕਿਸੇ ਪਾਸਿਓਂ ਵੀ ਅਬਾਦੀ ਨਾਲ਼ ਕੋਈ ਸਬੰਧ ਨਹੀਂ।

ਅਬਾਦੀ ਵਧਣ ਦੇ ਕਾਰਕਾਂ 'ਚ ਵੀ ਉਹਨਾਂ ਨੂੰ ਬੱਚਿਆਂ ਦਾ ਪੈਦਾ ਹੋਣਾ ਹੀ ਇੱਕੋ-ਇੱਕ ਕਾਰਨ ਲੱਗਦਾ ਹੈ ਅਤੇ ਉਹ ਸਮਝਦੇ ਹਨ ਕਿ ਬੱਚਿਆਂ ਨੂੰ ਪੈਦਾ ਘੱਟ ਕਰਨ ਨਾਲ਼ ਅਬਾਦੀ ਦਾ ਵਾਧਾ ਰੁਕ ਜਾਵੇਗਾ। **ਪਰ ਕੀ ਅਬਾਦੀ 'ਚ ਵਾਧਾ ਸਿਰਫ਼ ਬੱਚਿਆਂ ਦੇ ਪੈਦਾ ਹੋਣ ਕਰਕੇ ਹੀ ਹੁੰਦਾ ਹੈ ਜਾਂ ਕੀ ਅਜਿਹਾ ਵੀ ਹੁੰਦਾ ਹੈ ਕਿ ਜਨਮ ਦਰ ਘਟਣ ਦੇ ਬਾਵਜੂਦ ਅਬਾਦੀ ਦਾ ਵਾਧਾ ਹੁੰਦਾ ਹੈ?** ਜੇ ਅਬਾਦੀ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਪਿਛਲੀ ਧਾਰਣਾ ਜ਼ਿਆਦਾ ਸਹੀ ਲੱਗਦੀ ਹੈ। ਭਾਰਤ ਦੀ ਗੱਲ ਕਰੀਏ, 1941-51 ਦੇ ਦਹਾਕੇ 'ਚ ਜਨਮ ਦਰ 39.9 ਸੀ ਜੋ 2011 ਦੀ ਜਨਗਣਨਾ ਅਨੁਸਾਰ ਘਟ ਕੇ 20.8 ਰਹਿ ਗਈ ਹੈ, ਭਾਵ ਅੱਧੀ ਹੋ ਗਈ ਹੈ। ਇਸ ਤਰ੍ਹਾਂ ਦੇਖਿਆ ਜਾਵੇ ਤਾਂ ਅਬਾਦੀ ਘਟਣੀ ਚਾਹੀਦੀ ਸੀ। ਅਸਲ 'ਚ ਅਬਾਦੀ ਵਾਧੇ ਦਾ ਕਾਰਨ ਵੱਧ ਬੱਚੇ ਪੈਦਾ ਹੋਣਾ ਨਹੀਂ, ਸਗੋਂ ਮਨੁੱਖਾਂ ਦੇ ਮਰਨ ਦੀ ਦਰ ਘਟਣਾ ਹੈ। 1941-51 ਦੇ ਦਹਾਕੇ 'ਚ ਮੌਤ ਦਰ 27.4 ਸੀ ਜੋ 2011 ਦੀ ਜਨਗਣਨਾ ਅਨੁਸਾਰ ਘੱਟ ਕੇ 7.48 (ਕੁਝ ਹੋਰ ਸ੍ਰੋਤਾਂ ਅਨੁਸਾਰ 6.4) ਰਹਿ ਗਈ ਹੈ, ਭਾਵ ਇੱਕ-ਚੌਥਾਈ ਹੋ ਗਈ ਹੈ। ਘਟੀ ਹੋਈ ਮੌਤ ਦਰ ਦਾ ਦੋਹਰਾ ਅਸਰ ਪੈਂਦਾ ਹੈ- ਪਹਿਲਾ ਇਹ ਕਿ ਇਸ ਨਾਲ਼ ਬੱਚਿਆਂ ਦੀ ਮੌਤ ਦਰ ਘਟਦੀ ਹੈ ਜਿਸ ਕਾਰਨ ਵੱਧ ਮਨੁੱਖ ਬੱਚੇ ਪੈਦਾ ਕਰਨ ਦੀ ਉਮਰ ਤੱਕ ਪਹੁੰਚਦੇ ਹਨ। ਭਾਰਤ ਵਿੱਚ

ਇੱਕ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦਰ ਅਜ਼ਾਦੀ ਮਿਲਣ ਸਮੇਂ 268 ਪ੍ਰਤੀ ਹਜ਼ਾਰ ਸੀ, ਹੁਣ ਘੱਟ ਕੇ 50 ਦੇ ਨੇੜੇ ਆ ਗਈ ਹੈ। ਦੂਸਰਾ, ਇਸ ਨਾਲ਼ ਵਡੇਰੀ ਉਮਰ ਦੇ ਲੋਕਾਂ ਦੀ ਗਿਣਤੀ 'ਚ ਵਾਧਾ ਹੁੰਦਾ ਹੈ। ਭਾਰਤ ਵਿੱਚ ਅਜ਼ਾਦੀ ਵੇਲੇ ਔਸਤ ਉਮਰ 46 ਸਾਲ ਸੀ ਜੋ ਹੁਣ 70 ਸਾਲ ਤੋਂ ਉੱਪਰ ਟੱਪ ਚੁੱਕੀ ਹੈ, ਇਸ ਤਰ੍ਹਾਂ ਬਜ਼ੁਰਗਾਂ ਦੀ ਅਬਾਦੀ 'ਚ ਵੀ ਚੋਖਾ ਵਾਧਾ ਹੁੰਦਾ ਹੈ। ਇੱਕ ਅੰਦਾਜ਼ੇ ਮੁਤਾਬਕ 2050 'ਚ ਭਾਰਤ ਦੀ ਅਬਾਦੀ ਦਾ 20% ਤੋਂ ਵੀ ਜ਼ਿਆਦਾ ਹਿਸਾ 65 ਸਾਲ ਤੋਂ ਉੱਪਰ ਉਮਰ ਵਰਗ ਦੇ ਲੋਕਾਂ ਦਾ ਹੋਵੇਗਾ ਜੋ ਹੁਣ 10% ਦੇ ਲਗਭਗ ਹੈ।

ਹੋਰ ਤਾਂ ਹੋਰ, ਆਪਣੇ ਇਸ ਤਰਕ ਦਾ ਪੱਲਾ ਉਹ ਇੰਨਾ ਘੁੱਟ ਕੇ ਫੜਦੇ ਹਨ ਕਿ *ਉਹ ਹਿੰਦੂ ਫਾਸੀਵਾਦੀ ਲਾਣੇ ਦੇ ਤਰਕਾਂ 'ਤੇ ਪਹੁੰਚ ਜਾਂਦੇ ਹਨ।* "ਸਾਡੇ ਦੋ ਗੁਆਂਢੀ ਮੁਲਕਾਂ, ਪਾਕਿਸਤਾਨ ਤੇ ਬੰਗਲਾਦੇਸ਼ ਅੰਦਰ ਤਾਂ ਅਬਾਦੀ ਨੂੰ ਰੋਕਣ ਲਈ, ਮਜ਼੍ਹਬੀ ਕਾਰਨਾਂ ਕਰਕੇ ਕੋਈ ਪਾਬੰਦੀ ਨਹੀਂ ਲਾਈ ਜਾ ਸਕਦੀ। ਸਾਡੇ ਦੇਸ਼ ਵਿੱਚ ਵੀ ਮੁਸਲਮਾਨਾਂ ਦੀ ਅਬਾਦੀ ਲਗਭਗ ਪਾਕਿਸਤਾਨ ਜਿੰਨੀ ਹੈ। ਤਿੰਨੇ ਖਿੱਤਿਆਂ ਵਿੱਚ ਹਰ ਮੁਸਲਮਾਨ ਮਰਦ ਨੂੰ ਚਾਰ-ਚਾਰ ਸ਼ਾਦੀਆਂ ਕਰਨ ਦਾ ਅਧਿਕਾਰ ਹੈ" (**16 ਮਈ, 2010 'ਚ ਪੰਜਾਬੀ ਟ੍ਰਿਬਿਊਨ** 'ਚ ਛਪਿਆ ਉਹਨਾਂ ਦਾ ਲੇਖ **"ਵਧਦੀ ਅਬਾਦੀ ਦਾ ਐਟਮ ਬੰਬ'**)। ਉਹਨਾਂ ਨੂੰ ਲੱਗਦਾ ਹੈ ਕਿ ਕਿਉਂਕਿ ਮੁਸਲਮਾਨਾਂ 'ਚ ਚਾਰ ਔਰਤਾਂ ਨਾਲ਼ ਬਿਨਾਂ ਤਲਾਕ ਲਏ ਵਿਆਹ ਕਰਾਉਣ ਦੀ ਆਗਿਆ ਹੈ, ਇਸ ਲਈ ਮੁਸਲਮਾਨਾਂ 'ਚ ਅਬਾਦੀ ਵਧਣ ਦੀ ਰਫ਼ਤਾਰ ਜ਼ਿਆਦਾ ਹੈ। ਅਸਲ 'ਚ ਚਾਰ ਵਿਆਹ ਕਰਵਾਉਣ ਦੀ ਆਗਿਆ ਦੇਣ ਦਾ ਸਮਾਂ ਉਹ ਸਮਾਂ ਸੀ ਜਦੋਂ ਮੁਸਲਮਾਨ ਧਰਮ ਕਬੀਲਿਆਂ ਦਾ ਧਰਮ ਸੀ ਜੋ ਲੜਾਈਆਂ-ਜੰਗਾਂ 'ਚ ਉਲਝੇ ਰਹਿੰਦੇ ਸਨ ਜਿਸ ਕਾਰਨ ਮਰਦਾਂ ਦੀ ਸੰਖਿਆ ਘੱਟ ਰਹਿੰਦੀ ਸੀ ਕਿਉਂਕਿ ਉਹਨਾਂ 'ਚੋਂ ਬਹੁਤ ਸਾਰੇ ਲੜਾਈਆਂ 'ਚ ਮਾਰੇ ਜਾਂਦੇ ਸਨ। ਅਜਿਹੇ ਸਮੇਂ 'ਚ ਕਬੀਲੇ ਦੀ ਅਬਾਦੀ ਨੂੰ ਬਣਾਈ ਰੱਖਣ ਲਈ ਇੱਕ ਮਰਦ ਨੂੰ ਕਈ ਔਰਤਾਂ ਨਾਲ਼ ਵਿਆਹ ਕਰਾਉਣ ਦੀ ਆਗਿਆ ਸੀ ਅਤੇ ਇਹ ਉਸ ਸਮੇਂ ਸੰਭਵ ਵੀ ਸੀ ਕਿਉਂਕਿ ਔਰਤਾਂ ਦੀ ਗਿਣਤੀ ਮਰਦਾਂ ਨਾਲ਼ੋਂ ਵੱਧ ਹੁੰਦੀ ਸੀ। ਬਾਅਦ ਵਿੱਚ ਜਿਵੇਂ ਕਿ ਸਭ ਧਰਮਾਂ 'ਚ ਹੁੰਦਾ ਹੈ, ਉਸ ਸਮੇਂ ਦਾ ਕਨੂੰਨ ਸਥਾਈ ਬਣ ਜਾਂਦਾ ਹੈ ਅਤੇ ਅੱਜ ਤੱਕ ਜ਼ਾਰੀ ਹੈ। ਪਰ ਇਸਦਾ ਇਹ ਮਤਲਬ ਕਦੇ ਵੀ ਨਹੀਂ ਨਿਕਲਦਾ ਕਿ ਅੱਜ ਵੀ ਹਰੇਕ ਮੁਸਲਮਾਨ ਮਰਦ ਨਾਲ਼ ਚਾਰ-ਚਾਰ ਔਰਤਾਂ ਵਿਆਹੀਆਂ ਹੋਈਆਂ ਹਨ! ਇਹ ਸੰਭਵ ਹੀ ਨਹੀਂ ਹੈ। ਕਿਸੇ ਸਮਾਜ 'ਚ ਜੇ ਸਾਰੇ ਬੱਚਿਆਂ ਨੂੰ ਜਨਮ ਲੈਣ ਦਿੱਤਾ ਜਾਵੇ ਤਾਂ ਮੁੰਡਿਆਂ ਤੇ ਕੁੜੀਆਂ ਦੀ ਗਿਣਤੀ ਲਗਭਗ 50-50 ਹੁੰਦੀ ਹੈ ਜਿਸਦਾ ਸਿੱਧਾ ਮਤਲਬ ਇਹ

ਨਿਕਲਦਾ ਹੈ ਕਿ ਜੇ ਉਸ ਸਮਾਜ ਦੇ ਮਰਦਾਂ ਦੀ ਗਿਣਤੀ ਕਿਸੇ ਤਰੀਕੇ ਨਾਲ਼ ਘੱਟ ਨਹੀਂ ਹੁੰਦੀ ਤਾਂ ਹਰ ਮਰਦ ਦਾ ਇੱਕ ਹੀ ਔਰਤ ਨਾਲ਼ ਵਿਆਹ ਹੋ ਸਕਦਾ ਹੈ, ਜੇ ਕੁਝ ਮਰਦ ਇੱਕ ਤੋਂ ਵੱਧ ਵਿਆਹ ਕਰਵਾਉਂਦੇ ਹਨ ਤਾਂ ਓਨੀ ਹੀ ਗਿਣਤੀ ’ਚ ਦੂਸਰੇ ਮਰਦਾਂ ਨੂੰ ਕੁਆਰੇ ਰਹਿਣਾ ਪਵੇਗਾ। ਇਸ ਦਾ ਨਤੀਜਾ ਇਹ ਨਿੱਕਲਦਾ ਹੈ ਕਿ ਬੱਚੇ ਪੈਦਾ ਕਰਨ ਲਈ ਬਣਨ ਵਾਲ਼ੇ ਮਰਦ-ਔਰਤ ਜੋੜਿਆਂ ਦੀ ਗਿਣਤੀ ਉਹੀ ਰਹੇਗੀ ਜਿੰਨੀ ਕਿ ਇੱਕ ਔਰਤ ਨਾਲ਼ ਵਿਆਹ ਦੀ ਆਗਿਆ ਹੋਣ ਨਾਲ਼ ਹੋਣੀ ਸੀ। ਇਸ ਤਰ੍ਹਾਂ ਮੌਜੂਦਾ ਸਮੇਂ ’ਚ ਅਬਾਦੀ ਦੇ ਵਾਧੇ ਦਾ ਮੁਸਲਮਾਨ ਮਰਦ ਨੂੰ ਚਾਰ-ਚਾਰ ਸ਼ਾਦੀਆਂ ਕਰਨ ਦਾ ਅਧਿਕਾਰ ਨਾਲ਼ ਦੂਰ-ਦੂਰ ਦਾ ਵਾਸਤਾ ਨਹੀਂ। **ਅਸਲ ’ਚ ਇਹ ਤਰਕ ਜਨਸੰਘੀ ਲਾਣੇ ਦੇ ਮੁਸਲਮਾਨ-ਵਿਰੋਧੀ ਭੰਡੀ ਪ੍ਰਚਾਰ ਦਾ ਹਿੱਸਾ ਹਨ**, ਪਰ ਗੁਰਦਿਆਲ ਸਿੰਘ ਵਰਗੇ ਵਿਦਵਾਨ ਸੱਜਣ ਸੰਘੀਆਂ ਦੇ ਇਸ ਭੰਡੀ ਪ੍ਰਚਾਰ ਦਾ ਇਸ ਹੱਦ ਤੱਕ ਪ੍ਰਭਾਵ ਕਬੂਲਦੇ ਹਨ, ਇਹ ਅਚੰਭੇ ਦੀ ਗੱਲ ਹੈ।

ਅਬਾਦੀ ਘਟਾਉਣ ਲਈ ਗੁਰਦਿਆਲ ਸਿੰਘ ਨੁਸਖਾ ਵੀ ਸੁਝਾਉਂਦੇ ਰਹਿੰਦੇ ਹਨ ਜਿਹੜਾ ਉਹਨਾਂ ਨੂੰ ਸੰਜੇ ਗਾਂਧੀ ਦੇ ਭਗਤਾਂ ਨੇੜੇ ਖੜ੍ਹਾ ਕਰ ਦਿੰਦਾ ਹੈ। ਉਹਨਾਂ ਅਨੁਸਾਰ ਅਬਾਦੀ ਘਟਾਉਣ ਲਈ ਸਖ਼ਤ ਤੇ ਕਾਰਗਰ ਕਾਰਵਾਈ ਕਰਨੀ ਚਾਹੀਦੀ ਹੈ। *ਇਹ ‘ਕਾਰਗਰ ਕਾਰਵਾਈ’ ਉਹਨਾਂ ਅਨੁਸਾਰ ਚੀਨੀ ਤਰਜ਼ ਦੀ “ਇੱਕ ਬੱਚਾ ਜੰਮਣ” ਦੀ ਨੀਤੀ ਹੈ ਚਾਹੇ ਇਸ ਲਈ “ਡਿਕਟੇਟਰਸ਼ਿਪ” ਕਿਉਂ ਨਾ ਲਾਉਣੀ ਪਵੇ।* ਵੈਸੇ ਗੁਰਦਿਆਲ ਸਿੰਘ ਜੀ ਜੇ ਤੁਸੀਂ ਥੋੜ੍ਹਾ ਸਰਮਾਏਦਾਰੀ ਦੇ ਖੜ੍ਹੇ ਕੀਤੇ ਭੁਲਾਂਦਰਿਆਂ ’ਚੋਂ ਬਾਹਰ ਨਿਕਲ ਸਕੋਂ ਤਾਂ ਤੁਹਾਨੂੰ ਪਤਾ ਚੱਲ ਜਾਏਗਾ ਰਾਜਸੱਤ੍ਹਾ ਹੁੰਦੀ ਹੀ ਡਿਕਟੇਟਰਸ਼ਿਪ ਹੈ, ਫਿਲਹਾਲ ਇਹ ਸਰਮਾਏਦਾਰੀ ਜਮਾਤ ਦੀ ਡਿਕਟੇਟਰਸ਼ਿਪ ਹੈ। ਖੈਰ ਅਸੀਂ ਉਹਨਾਂ ਦੇ ਨੁਸਖੇ ਦੀ ਗੱਲ ਕਰਦੇ ਹਾਂ। ਪਹਿਲੀ ਗੱਲ ਤਾਂ ਇਹ ਕਿ ਚੀਨ ’ਚ ਅਬਾਦੀ ਵਧਣ ਦੀ ਰਫ਼ਤਾਰ ਇੱਕ ਬੱਚਾ ਜੰਮਣ ਦੀ ਨੀਤੀ ਨਾਲ਼ ਹੀ ਘਟੀ ਹੈ, ਇਹ ਵੀ ਇੱਕ ਭਰਮ ਹੈ ਜਿਸਨੂੰ ਤੱਥਾਂ ਸਹਿਤ ਸਿੱਧ ਕੀਤਾ ਜਾ ਸਕਦਾ ਹੈ। ਇੱਕ ਬੱਚੇ ਦੀ ਨੀਤੀ 1979 ’ਚ ਦੇਂਗ ਜ਼ਿਓ ਪਿੰਗ ਦੀ ਸੋਧਵਾਦੀ ਜੁੰਡਲੀ ਨੇ ਲਾਗੂ ਕੀਤੀ ਸੀ। ਪਰ ਇਸ ਨੀਤੀ ਦੇ ਲਾਗੂ ਹੋਣ ਤੋਂ ਪਹਿਲਾਂ ਦੀ ਪ੍ਰਤੀ ਔਰਤ ਬੱਚਿਆਂ ਦੀ ਜਨਮ ਦਰ 6 ਤੋਂ ਘੱਟ ਕੇ ਨੀਤੀ ਲਾਗੂ ਹੋਣ ਦੇ ਸਮੇਂ ਤੱਕ ਘੱਟ ਕੇ 2.63 ਰਹਿ ਗਈ ਸੀ ਅਤੇ ਉਸਤੋਂ ਬਾਅਦ ਇੱਕ ਬੱਚੇ ਦੀ ਨੀਤੀ ਤਹਿਤ ਇਹ 2009 ਤੱਕ ਘਟ ਕੇ 1.8 (ਕੁਝ ਅਨੁਸਾਰ 1.64) ਹੋ ਗਈ ਹੈ। ਮਾਓ ਜ਼ੇ-ਤੁੰਗ ਕਾਲ ’ਚ ਪ੍ਰਤੀ ਔਰਤ ਬੱਚਿਆਂ ਦੀ ਜਨਮ ਦਰ ਘਟਣ ਦਾ ਕਾਰਨ ਲੋਕਾਂ ਦਾ ਜੀਵਨ ਪੱਧਰ ਉੱਚਾ ਹੋਣ, ਡਾਕਟਰੀ ਸਹੂਲਤਾਂ ਦੀ ਉਪਲਬਧਤਾ ਵਿਆਪਕ ਹੋਣ

ਤੇ ਸੱਭਿਆਚਾਰਕ ਪੱਧਰ ਵਿਕਸਤ ਹੋਣਾ ਸੀ ਅਤੇ ਇਸ ਲਈ ਕਿਸੇ ਡਿਕਟੇਟਰਸ਼ਿਪ ਦੀ ਲੋੜ ਨਹੀਂ ਸੀ ਪਈ। ਦੂਜੀ ਗੱਲ ਇਹ ਕਿ ਇਸ ਤਰੀਕੇ ਨਾਲ਼ ਅਬਾਦੀ ਘਟਾਉਣ ਦੇ ਬੁਰੇ ਅਸਰ ਹੁਣ ਸਭ ਦੇ ਸਾਹਮਣੇ ਆ ਰਹੇ ਹਨ। ਚੀਨ 'ਚ 65 ਸਾਲ ਤੋਂ ਉੱਪਰ ਦੇ ਲੋਕਾਂ ਦੀ ਉਮਰ ਲਗਾਤਾਰ ਵਧ ਰਹੀ ਹੈ ਤੇ ਕੰਮ ਕਰਨ ਵਾਲ਼ੇ ਉਮਰ ਵਰਗ ਤੇ ਖਾਸ ਤੌਰ 'ਤੇ ਨੌਜਵਾਨਾਂ ਦੀ ਉਮਰ ਘਟ ਰਹੀ ਹੈ ਜਿਸ ਨਾਲ ਚੀਨ ਨੂੰ ਜਨਸੰਖਿਆ ਅਸੰਤੁਲਨ ਦਾ ਡਰ ਪੈਦਾ ਹੋ ਗਿਆ ਹੈ। ਇਸਨੂੰ 4-2-1 **ਵਰਤਾਰਾ** ਕਹਿੰਦੇ ਹਨ। ਭਾਵ ਕਿ ਚਾਰ ਮਾਪਿਆਂ ਦੇ ਦੋ ਬੱਚੇ ਤੇ ਫਿਰ ਦੋ ਮਾਪਿਆਂ ਦਾ ਇੱਕ ਬੱਚਾ, ਇਸਦਾ ਸਿੱਟਾ ਇਹ ਨਿਕਲਿਆ ਹੈ ਕਿ ਇੱਕ ਪਾਸੇ ਤਾਂ ਆਪਣੇ ਚਾਰੇ ਮਾਪਿਆਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਇੱਕੋ ਜੋੜੇ 'ਤੇ ਆ ਪਈ ਹੈ, ਦੂਜੇ ਪਾਸੇ ਸਰਕਾਰ ਨੂੰ ਵੀ ਪੈਨਸ਼ਨਾਂ ਤੇ ਬਜ਼ੁਰਗਾਂ ਦੀ ਦੇਖਰੇਖ ਲਈ ਕਿਤੇ ਜ਼ਿਆਦਾ ਤਰੱਦਦ ਕਰਨਾ ਪੈ ਰਿਹਾ ਹੈ। ਇਸ ਤੋਂ ਬਿਨਾਂ ਇੱਕੋ ਬੱਚੇ ਦੀ ਆਗਿਆ ਹੋਣ ਕਾਰਨ ਮਾਦਾ ਭਰੂਣ ਹੱਤਿਆ ਦੀ ਬੁਰਾਈ ਆ ਪ੍ਰਗਟ ਹੋਈ ਹੈ (ਭਾਰਤ ਵਰਗੇ ਦੇਸ਼ ਵਿੱਚ ਜਿੱਥੇ ਪਹਿਲਾਂ ਹੀ ਇਹ ਬੁਰਾਈ ਇੰਨੀ ਭਿਅੰਕਰ ਹੈ, ਇੱਥੇ ਕੀ ਹਾਲ ਹੋਵੇਗਾ ਇਸ ਬਾਰੇ ਸੋਚਣਾ ਹੀ ਦਿਲ-ਕੰਬਾਊ ਹੈ)। ਸਰਮਾਏਦਾਰੀ ਦੇ ਸੰਕਟ ਦੇ ਦੌਰਾਂ 'ਚ ਜਦੋਂ ਪਾਰਲੀਮਾਨੀ ਤਰੀਕਿਆਂ ਨਾਲ਼ ਸਰਮਾਏਦਾਰੀ ਜਮਾਤ ਲਈ ਹਕੂਮਤ ਕਰਨਾ ਅਸੰਭਵ ਹੁੰਦਾ ਜਾਂਦਾ ਹੈ ਤਾਂ ਅਜਿਹੇ ਸਮੇਂ 'ਚ **ਫਾਸੀਵਾਦੀ ਧਾਰਾ ਜਮਹੂਰੀਅਤ ਨੂੰ ਖਾਰਜ ਕਰਨ ਲਈ ਹਰ ਸਮੱਸਿਆ ਲਈ "ਡਿਕਟੇਟਰਸ਼ਿਪ" ਨੂੰ ਹੀ ਇੱਕੋ-ਇੱਕ ਹੱਲ ਬਣਾ ਕੇ ਪੇਸ਼ ਕਰਦੀ ਹੈ** ਜਿਸਦਾ ਅਸਲ ਮਕਸਦ ਆਮ ਲੋਕਾਂ ਦੇ ਬਚੇ-ਖੁਚੇ ਹੱਕਾਂ ਨੂੰ ਵੀ ਖੋਹ ਲੈਣਾ ਅਤੇ ਨੰਗੀ-ਚਿੱਟੀ ਸਰਮਾਏਦਾਰੀ ਦੀ ਦਹਿਸ਼ਤਗਰਦ ਹਕੂਮਤ ਕਾਇਮ ਕਰਨਾ ਹੁੰਦਾ ਹੈ। ਅਬਾਦੀ ਨੂੰ "ਡਿਕਟੇਟਰਸ਼ਿਪ" ਰਾਹੀਂ ਕੰਟਰੋਲ ਕਰਨ ਦੀਆਂ ਜੜ੍ਹਾਂ ਵੀ ਇਸੇ ਫਾਸੀਵਾਦੀ ਵਿਚਾਰਧਾਰਾ 'ਚ ਪਈਆਂ ਹਨ ਜਿਸ ਤੋਂ ਸਾਫ਼ ਰੂਪ 'ਚ ਗੁਰਦਿਆਲ ਸਿੰਘ ਵੀ ਜਾਣੇ-ਅਣਜਾਣੇ ਪ੍ਰਭਾਵਿਤ ਹੋ ਗਏ ਹਨ।

ਕੀ ਅਬਾਦੀ 'ਚ ਵਾਧਾ ਬਿਨਾਂ ਰੋਕ-ਟੋਕ ਦੇ ਅਤੇ ਇੱਕੋ ਰਫ਼ਤਾਰ ਨਾਲ਼ ਹੀ ਹੋ ਰਿਹਾ ਹੈ ਜਾਂ ਫਿਰ ਹੋ ਸਕਦਾ ਹੈ ਵਾਧਾ ਦਰ ਵੱਧ ਵੀ ਰਹੀ ਹੋਵੇ ਜਿਸ ਤਰ੍ਹਾਂ ਕਿ ਇਹਨਾਂ ਵਿਦਵਾਨਾਂ ਦੇ "ਬੇਤਹਾਸ਼ਾ ਵਾਧਾ" "ਬੇਰੋਕ-ਟੋਕ ਵਾਧਾ" "ਅਤਿਅੰਤ ਗੰਭੀਰ ਸੰਕਟ" "ਅਨਿਯੰਤ੍ਰਿਤ ਵਾਧਾ" ਆਦਿ ਸ਼ਬਦਾਂ ਤੋਂ ਲੱਗਦਾ ਹੈ? ਇੱਥੇ ਵੀ ਉੱਤਰ ਨਾਂਹ 'ਚ ਹੀ ਮਿਲਦਾ ਹੈ। ਭਾਰਤ ਦੇ ਸੰਦਰਭ 'ਚ, ਵਸੋਂ ਦੀ ਸਾਲਾਨਾ ਵਾਧਾ ਦਰ ਜੋ 1962 ਦੇ ਸਾਲ 'ਚ 2.2% ਸੀ (ਇਹ ਹੁਣ ਤੱਕ ਦੀ ਸਭ ਤੋਂ ਜ਼ਿਆਦਾ ਸਲਾਨਾ ਵਾਧਾ ਦਰ ਹੈ। ਪਹਿਲਾਂ ਹੀ 2009 'ਚ ਘੱਟ ਕੇ 1.1% ਰਹਿ

ਗਈ ਹੈ। ਬੱਚਾ ਪੈਦਾ ਕਰਨ ਦੇ ਯੋਗ ਔਰਤ ਨੂੰ ਜੰਮਣ ਵਾਲ਼ੇ ਬੱਚਿਆਂ ਦੀ ਦਰ (Total Fertility Rate) ਘੱਟ ਕੇ 2.5 ਰਹਿ ਗਈ ਹੈ (ਜੇ ਇਹ ਦਰ 2.0 ਹੋ ਜਾਵੇ ਤਾਂ ਅਬਾਦੀ ਸਥਿਰ ਮੰਨੀ ਜਾਂਦੀ ਹੈ) ਅਤੇ ਇਹ ਦਰ 2017 ਤੱਕ ਘੱਟ ਕੇ 2.1 ਰਹਿ ਜਾਣ ਦਾ ਅਨੁਮਾਨ ਹੈ। ਭਾਰਤ ਦੇ ਕੁਝ ਸੂਬਿਆਂ 'ਚ ਇਹ ਦਰ 2.0 ਤੋਂ ਵੀ ਥੱਲੇ ਚਲੀ ਗਈ ਹੈ ਜਿਹਨਾਂ 'ਚ ਪੰਜਾਬ, ਤਮਿਲਨਾਡੂ, ਆਂਧਰਾ ਪ੍ਰਦੇਸ਼, ਕੇਰਲਾ, ਪੱਛਮੀ ਬੰਗਾਲ ਤੇ ਹਿਮਾਚਲ ਪ੍ਰਦੇਸ਼, ਇਹਨਾਂ ਸਭ 'ਚ ਟੀ. ਐੱਫ. ਆਰ. 1.8 ਹੈ ਜੋ ਯੂਰਪੀ ਦੇਸ਼ ਸਵੀਡਨ ਦੇ ਬਰਾਬਰ ਹੈ; ਮਹਾਂਰਾਸ਼ਟਰ ਤੇ ਦਿੱਲੀ 'ਚ ਇਹੀ ਦਰ 1.9 ਹੈ। ਇਹਨਾਂ ਸੂਬਿਆਂ 'ਚ ਜੋ ਅਬਾਦੀ ਦਾ ਵਾਧਾ ਹੋਵੇਗਾ ਉਹ ਬਜ਼ੁਰਗਾਂ ਦੀ ਵਧ ਰਹੀ ਗਿਣਤੀ ਕਾਰਨ ਹੋਵੇਗਾ। ਇਹਨਾਂ ਸੂਬਿਆਂ 'ਚ ਅਬਾਦੀ ਦੇ ਵਧਣ ਦਾ ਦੂਜਾ ਕਾਰਨ ਪਰਵਾਸ ਹੋਵੇਗਾ। ਫਿਰ ਇੱਕ ਸਮੇਂ ਬਾਅਦ ਜਨਮ ਦਰ ਦੇ ਮੌਤ ਦਰ ਤੋਂ ਪਿੱਛੇ ਰਹਿ ਜਾਣ ਕਾਰਨ ਅਬਾਦੀ ਘਟਣ ਲੱਗੇਗੀ। ਬਹੁਤ ਸਾਰੇ ਯੂਰਪੀ ਦੇਸ਼ ਜਿਹਨਾਂ 'ਚ 19ਵੀਂ ਸਦੀ, ਤੇ 20ਵੀਂ ਸਦੀ ਦੇ ਸ਼ੁਰੂਆਤੀ ਦਹਾਕਿਆਂ 'ਚ ਅਬਾਦੀ 'ਚ ਤੇਜ਼ ਵਾਧਾ ਹੋਇਆ ਸੀ, ਅਬਾਦੀ ਦੇ ਚੱਕਰ ਦੇ ਇਸ ਪੜਾਅ 'ਚ ਦਾਖਿਲ ਹੋ ਚੁੱਕੇ ਹਨ। ਇਸ ਤੋਂ ਇਲਾਵਾ ਕਰਨਾਟਕ ਤੇ ਜੰਮੂ ਕਸ਼ਮੀਰ 'ਚ ਇਹ ਦਰ 2.0 ਹੋ ਚੁੱਕੀ ਹੈ। ਸੰਸਾਰ ਪੱਧਰ 'ਤੇ ਵੀ ਅਬਾਦੀ ਦੇ ਵਧਣ ਦੀ ਗਤੀ ਮੱਠੀ ਹੋ ਰਹੀ ਹੈ, ਜਿਸਦੀ ਪੁਸ਼ਟੀ ਸਾਰਣੀ-1 ਤੋਂ ਹੋ ਜਾਂਦੀ ਹੈ।

ਹੁਣ ਇੱਕ ਝਾਤ **ਸੁਰਜੀਤ ਸਿੰਘ ਢਿੱਲੋਂ** ਹੁਰਾਂ ਦੇ ਲੇਖ "**ਭਲੇ ਭਵਿੱਖ ਦੇ ਸੁਪਨਿਆਂ ਦਾ ਸੱਚ**" (**ਪੰਜਾਬੀ ਟ੍ਰਿਬਿਊਨ, 7 ਅਕਤੂਬਰ 2012**) 'ਤੇ ਵੀ ਪਾ ਲਈਏ। **ਉਹਨਾਂ ਅਨੁਸਾਰ ਵੀ ਗਰੀਬੀ ਦਾ ਮੂਲ ਕਾਰਨ "ਆਫਰਨ 'ਤੇ ਆਈ ਵਸੋਂ" 'ਚ ਪਿਆ ਹੈ,** ਭਾਵ ਕਿ ਗਰੀਬੀ ਦੇ ਖਾਤਮੇ ਲਈ ਵਸੋਂ ਘਟਾਉਣੀ ਲਾਜ਼ਮੀ ਹੈ। ਜ਼ਰਾ ਦੇਖੀਏ ਕਿ ਇਹਨਾਂ ਦਾ ਇਹ ਤਰਕ ਇਹਨਾਂ ਨੂੰ ਕਿੱਥੇ ਲੈ ਕੇ ਜਾਂਦਾ ਹੈ? ਆਓ ਆਪਾਂ ਭਾਰਤ ਵਿੱਚ ਧਨ-ਸੰਪੱਤੀ ਦੇ ਅਬਾਦੀ ਵਿੱਚ ਬਟਵਾਰੇ ਨੂੰ ਦੇਖੀਏ। ਭਾਰਤ ਦੀ ਉੱਪਰਲੀ 1% ਆਬਾਦੀ ਦੇਸ਼ ਦੀ 16%, ਉੱਪਰਲੀ 5% ਆਬਾਦੀ 38% ਅਤੇ ਉੱਪਰਲੀ 10% ਆਬਾਦੀ 53% ਧਨ-ਸੰਪਤੀ 'ਤੇ ਕਾਬਜ਼ ਹੈ। ਹੇਠਲੀ ਅਬਾਦੀ ਦਾ ਹਾਲ ਕੀ ਹੈ- ਹੇਠਲੇ 80% ਲੋਕਾਂ ਕੋਲ 30%, ਹੇਠਲੇ 50% ਕੋਲ 8%, ਹੇਠਲੇ 20% ਕੋਲ 1% ਅਤੇ ਹੇਠਲੇ 10% ਲੋਕਾਂ ਕੋਲ ਦੇਸ਼ ਦੀ ਧਨ-ਸੰਪਤੀ ਦਾ ਮਹਿਜ਼ 0.2% ਹਿੱਸਾ ਹੈ। ਇਸ ਤਰਾਂ ਸਾਫ਼ ਹੈ ਕਿ ਭਾਰਤ ਦੀ ਹੇਠਲੀ 80% ਅਬਾਦੀ ਵੀ ਖਤਮ ਜਾਂ ਘੱਟ ਕਰ ਦਿੱਤੀ ਜਾਵੇ ਤਾਂ ਬਾਕੀ ਬਚੀ ਅਬਾਦੀ ਦੀ ਅਮੀਰੀ 'ਚ ਕੋਈ ਖਾਸ ਵਾਧਾ ਨਹੀਂ ਹੋਣ ਵਾਲ਼ਾ, ਹਾਂ ਅਬਾਦੀ ਘੱਟ ਕਰਨ ਦਾ ਸੰਜੇ ਗਾਂਧੀ ਵਾਲ਼ਾ ਫਾਰਮੂਲਾ ਉੱਪਰੋਂ ਲਾਗੂ

ਕਰਨਾ ਸ਼ੁਰੂ ਕਰ ਦਈਏ ਤਾਂ ਗੁਣਾਤਮਕ ਫਰਕ ਪਵੇਗਾ!! ਹੁਣ ਢਿੱਲੋਂ ਸਾਬ੍ਹ ਹੀ ਦੱਸਣ ਕਿ ਉਹ ਕਿਸ ਪਾਸਿਓਂ ਅਬਾਦੀ ਘਟਾਉਣੀ ਸ਼ੁਰੂ ਕਰਨਗੇ ਤੇ ਕਿੰਨੀ ਘਟਾਉਣੀ ਚਾਹੁੰਣਗੇ 10%, 15% ਜਾਂ ਇਸ ਤੋਂ ਵੱਧ!!

ਕਿਉਂਕਿ ਢਿੱਲੋਂ ਸਾਬ੍ਹ ਜੀਵ-ਵਿਗਿਆਨ ਦੇ ਪ੍ਰੋਫੈਸਰ ਰਹੇ ਹਨ, ਇਸ ਲਈ ਜੀਵ-ਵਿਗਿਆਨੀ ਫਾਰਮੂਲੇ ਮਨੁੱਖੀ ਸਮਾਜ 'ਤੇ ਲਾਗੂ ਨਾ ਕਰਨ, ਇਹ ਕਿਵੇਂ ਹੋ ਸਕਦਾ ਹੈ। ਉਹਨਾਂ ਅਨੁਸਾਰ - "ਜੀਵਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਦੋ ਤੋਂ ਚਾਰ, ਚਾਰ ਤੋਂ ਅੱਠ, ਅੱਠ ਤੋਂ ਸੋਲ੍ਹਾਂ ਹੁੰਦੇ ਹੋਏ ਵਧਦੇ ਹਨ ਅਤੇ ਹਰ ਪ੍ਰਾਣੀ, ਸਮੇਤ ਮਨੁੱਖ ਦੇ, ਇਸੇ ਠਾਠ ਨਾਲ਼ ਆਪਣੀ ਵਸੋਂ 'ਚ ਵਾਧਾ ਕਰਨ ਦੇ ਯੋਗ ਹੈ।" ਪਰ ਉਹ ਭੁੱਲ ਜਾਂਦੇ ਹਨ ਕਿ ਇਹ ਉਹਨਾਂ ਜੀਵਾਂ 'ਤੇ ਲਾਗੂ ਹੁੰਦਾ ਹੈ ਜੋ ਇੱਕ ਕੋਸ਼ਿਕਾ ਵਾਲ਼ੇ ਹੁੰਦੇ ਹਨ ਤੇ ਪ੍ਰਜਣਨ ਲਈ ਪੁਰਾਣਾ ਜੀਵ ਇੱਕ ਨਿਸ਼ਚਿਤ ਸਮੇਂ ਬਾਅਦ ਦੋ ਨਵੇਂ ਜੀਵਾਂ 'ਚ ਟੁੱਟ ਜਾਂਦਾ ਹੈ, ਪਰ ਮਨੁੱਖਾਂ 'ਚ ਪ੍ਰਜਣਨ ਦੀ ਕਿਰਿਆ ਇਸ ਤੋਂ ਬਿਲਕੁਲ ਅਲੱਗ ਹੈ। ਨਾਲ਼ੇ ਜੇ ਅਜਿਹਾ ਹੁੰਦਾ ਤਾਂ ਮਨੁੱਖਾਂ ਦੀ ਵਸੋਂ ਆਰੰਭ ਤੋਂ ਹੀ ਇਸੇ ਰਫ਼ਤਾਰ ਨਾਲ਼ ਵਧਣੀ ਸੀ ਜਦਕਿ ਮਨੁੱਖੀ ਅਬਾਦੀ ਦਾ ਇਤਿਹਾਸਕ ਗਰਾਫ਼ ਇਸਨੂੰ ਸਾਫ਼ ਤੌਰ 'ਤੇ ਝੁਠਲਾਉਂਦਾ ਹੈ। ਅਸਲ ਵਿੱਚ ਜਦੋਂ ਵਿਗਿਆਨ ਦੀ ਇੱਕ ਸਾਖਾ ਦੇ ਸਿੱਟਿਆਂ ਨੂੰ ਵਿਗਿਆਨ ਦੀ ਦੂਜੀ ਸ਼ਾਖਾ 'ਚ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਅਜਿਹੇ ਮੂਰਖਤਾਪੂਰਣ ਨਤੀਜੇ ਹੀ ਨਿਕਲਦੇ ਹਨ। **ਵੈਸੇ ਇਹ ਇੱਕ ਕਿਸਮ ਦਾ ਮਾਲਥਸਵਾਦੀ ਸਿਧਾਂਤ ਹੀ ਹੈ**। ਜਨਾਬ ਮਾਲਥਸ ਅਨੁਸਾਰ ਮਨੁੱਖਾਂ ਦੀ ਆਬਾਦੀ 1, 2, 4, 8, 16.. ਦੀ ਰਫਤਾਰ ਨਾਲ਼ ਭਾਵ ਰੇਖਾ ਗਣਿਤਕ ਕ੍ਰਮ 'ਚ ਵਧਦੀ ਹੈ ਜਦ ਕਿ ਅੰਨ ਦੀ ਪੈਦਾਵਾਰ 1, 2, 3, 4, 5.. ਢੰਗ ਨਾਲ਼ ਭਾਵ ਅੰਕ ਗਣਿਤਕ ਕ੍ਰਮ 'ਚ, ਇਸ ਲਈ ਭੁੱਖਮਰੀ ਦਾ ਫੈਲਣਾ ਅਟੱਲ ਹੈ। ਨਵ-ਮਾਲਥਸਵਾਦੀ ਹੁਣ ਇੱਕ ਵਾਰ ਫਿਰ ਤੋਂ ਸਰਗਰਮ ਹਨ। ਦੁਨੀਆਂ ਭਰ 'ਚ ਪੈਦਾ ਹੋ ਰਹੇ ਖੁਰਾਕੀ ਸੰਕਟ ਅਤੇ ਖੁਰਾਕੀ ਪਦਾਰਥਾਂ ਤੇ ਤੇਲ ਦੀਆਂ ਵੱਧ ਰਹੀਆਂ ਕੀਮਤਾਂ ਨੂੰ ਉਹ ਆਪਣੇ ਸਿਧਾਂਤ ਦੇ ਪੱਖ 'ਚ ਦਲੀਲ ਵਜੋਂ ਪੇਸ਼ ਕਰ ਰਹੇ ਹਨ। ਪ੍ਰੋ. ਢਿੱਲੋਂ ਹੁਰਾਂ ਨੇ ਵੀ ਇਹਨਾਂ ਦਾ ਜੂਠਾ ਖਾ ਲਿਆ ਲੱਗਦਾ ਹੈ। ਸਭ ਤੋਂ ਪਹਿਲਾਂ ਖੁਰਾਕੀ ਸੰਕਟ ਦੀ ਗੱਲ ਕਰੀਏ। ਭਾਰਤ ਦੇ ਮਾਮਲੇ 'ਚ ਅਸੀਂ ਪਹਿਲਾਂ ਹੀ ਦੇਖ ਚੁੱਕੇ ਹਾਂ ਕਿ ਘੱਟੋ-ਘੱਟ ਅਨਾਜ ਦੀ ਕੋਈ ਕਮੀ ਨਹੀਂ ਹੈ ਪਰ ਕੀਮਤਾਂ ਇਸ ਦੀਆਂ ਵੀ ਵਧ ਰਹੀਆਂ ਹਨ। ਕੀਮਤਾਂ ਵਧਣ ਦਾ ਗੋਰਖ-ਧੰਦਾ ਕੀ ਹੈ, ਇਸ ਬਾਰੇ ਵੀ ਅਸੀਂ ਗੱਲ ਕਰ ਹੀ ਚੁੱਕੇ ਹਾਂ। ਖੁਰਾਕੀ ਸੰਕਟ ਦਾ ਦੂਜਾ ਕਾਰਨ ਪੈਦਾਵਾਰ ਦਾ ਘਟਣਾ ਨਹੀਂ, ਸਗੋਂ ਲੋਕਾਂ ਦੀ ਖਰੀਦ ਸ਼ਕਤੀ ਘਟਣਾ ਹੈ ਜਿਸ ਦਾ ਕਾਰਨ ਅਬਾਦੀ ਨਹੀਂ

ਸਰਮਾਏਦਾਰਾ ਲੁੱਟ ਹੈ। ਪੂਰੇ ਸੰਸਾਰ 'ਚ ਸਮੇਤ ਭਾਰਤ ਅਨਾਜ ਦੀ ਵੱਡੀ ਮਾਤਰਾ ਗੁਦਾਮਾਂ 'ਚ ਪਈ ਸੜ ਰਹੀ ਹੈ ਅਤੇ ਕਾਫ਼ੀ ਵੱਡੀ ਮਾਤਰਾ ਅਬਾਦੀ ਦਾ ਉਪਰਲਾ 10-15% ਹਿੱਸਾ ਬਰਬਾਦ ਕਰ ਰਿਹਾ ਹੈ ਜੋ ਥੋੜ੍ਹਾ ਖਾਂਦਾ ਹੈ ਬਹੁਤਾ ਖਿੰਡਾਉਂਦਾ ਹੈ, ਕੰਮ ਵੀ ਕੋਈ ਨਹੀਂ ਕਰਦਾ ਤੇ ਮੋਟਾ ਹੋ ਕੇ ਧਰਤੀ 'ਤੇ ਭਾਰ ਵਧਾ ਰਿਹਾ ਹੈ। ਇੱਥੇ ਹੀ ਬੱਸ ਨਹੀਂ, ਅਮਰੀਕਾ ਜਿਹੇ ਦੇਸ਼ ਤਾਂ ਮੰਡੀ 'ਚ ਅਨਾਜ ਦੀਆਂ ਕੀਮਤਾਂ ਨੂੰ ਡਿੱਗਣ ਤੋਂ ਰੋਕਣ ਲਈ ਅਨਾਜ ਦੀ ਵੱਡੀ ਮਾਤਰਾ ਸਮੁੰਦਰ 'ਚ ਰੋੜ੍ਹ ਦਿੰਦੇ ਹਨ। ਇਸ ਤੋਂ ਇਲਾਵਾ, ਅਨਾਜ ਦਾ ਇੱਕ ਵੱਡਾ ਹਿੱਸਾ ਹੁਣ ਜੈਵਿਕ ਬਾਲਣ (ਬਾਇਓ ਫਿਊਲ) ਬਣਾਉਣ ਦੀ ਭੇਟਾ ਚੜ੍ਹਨ ਲੱਗਾ ਹੈ ਜਿਸ ਨਾਲ਼ ਮੁੱਠੀ ਭਰ ਅਮੀਰਾਂ ਦੀਆਂ ਕਾਰਾਂ ਸੜਕਾਂ 'ਤੇ ਦੌੜਦੀਆਂ ਹਨ। ਅਨਾਜ ਦੀ ਉਪਲਬਧ ਮਾਤਰਾ ਨੂੰ ਹੀ ਜੇ ਠੀਕ ਤਰੀਕੇ ਵੰਡਿਆ ਹੀ ਜਾਵੇ (ਭਾਵੇਂ ਕਿ ਪੈਦਾਵਾਰ ਵਧਾਉਣ ਦੀ ਵੀ ਚੋਖੀ ਸੰਭਾਵਨਾ ਹੈ) ਉਸ ਨਾਲ਼ ਹੀ ਸੰਸਾਰ 'ਚ ਖੁਰਾਕ ਸੰਕਟ ਨਾਂ ਦੀ ਕਿਸੇ ਚੀਜ਼ ਦੀ ਹੋਂਦ ਨਹੀਂ ਰਹਿਣੀ। **ਇੱਕ ਤਾਜ਼ਾ ਅਧਿਐਨ ਅਨੁਸਾਰ ਜੇ ਹਰ ਖਰਾਬ ਹੁੰਦੇ ਅੱਧੇ ਅਨਾਜ ਨੂੰ ਵੀ ਬਚਾ ਲਿਆ ਜਾਵੇ ਤਾਂ ਇਸ ਨਾਲ਼ ਇੱਕ ਬਿਲੀਅਨ ਲੋਕਾਂ ਦਾ ਢਿੱਡ ਭਰਿਆ ਜਾ ਸਕਦਾ ਹੈ।** ਅੱਗੇ ਪ੍ਰੋ. ਢਿੱਲੋਂ ਲਿਖਦੇ ਹਨ - ਸਿਰਫ਼ ਅੰਨ ਖਾਧਿਆਂ ਗੁਜ਼ਾਰਾ ਨਹੀਂ ਹੁੰਦਾ? ...ਸਾਗ-ਸਬਜ਼ੀਆਂ, ਫਲ, ਦੁੱਧ-ਦਹੀਂ ਆਦਿ ਵੀ ਚਾਹੀਦੇ ਹਨ। ਬਿਲਕੁਲ ਜੀ, ਤੁਸੀਂ ਦਰੁਸਤ ਫ਼ਰਮਾਇਆ ਪਰ ਕੀ ਸੰਕਟ ਇਹਨਾਂ ਦੀ ਉਪਲਬਧਤਾ ਦਾ ਹੈ ਜਾਂ ਲੋਕਾਂ ਦੁਆਰਾ ਖਰੀਦ ਨਾ ਸਕਣ ਦਾ ਹੈ। ਇੱਕ ਅਨਪੜ੍ਹ ਵੀ ਜਾਣਦਾ ਹੈ ਕਿ ਕਹਾਣੀ ਕੀ ਹੈ, ਪਰ ਪੜ੍ਹੇ-ਲਿਖੇ ਆਪਣੀਆਂ ਐਨਕਾਂ 'ਤੇ ਕਾਲ਼ਾ ਰੰਗ ਕਰਵਾਈ ਰੱਖਦੇ ਹਨ।

ਇੱਕ ਹੋਰ ਗੈਰ-ਵਿਗਿਆਨਕ ਦਲੀਲ ਪ੍ਰੋ. ਢਿੱਲੋਂ ਤੇ ਹੋਰ ਕਈ ਵਿਦਵਾਨ ਇਹ ਘੜ੍ਹਦੇ ਹਨ ਕਿ *ਧਰਤੀ ਦਾ ਇੱਕ ਟੁਕੜਾ ਜੀਵਾਂ ਦੀ ਇੱਕ ਨਿਸ਼ਚਿਤ ਗਿਣਤੀ ਨੂੰ ਹੀ ਸਹਾਰ ਸਕਦਾ ਹੈ, ਜਦੋਂ ਗਿਣਤੀ ਉਸ ਖਾਸ ਗਿਣਤੀ ਤੋਂ ਵਧ ਜਾਂਦੀ ਹੈ ਤਾਂ ਵਿਨਾਸ਼ ਹੋਣਾ ਲਾਜ਼ਮੀ ਹੈ। ਇਹ ਵੀ ਮਾਲਥਸਵਾਦੀ ਤਰਕਸ਼ 'ਚੋਂ ਚੁੱਕਿਆ ਤੀਰ ਹੈ ਜੋ ਕਦੋਂ ਦਾ ਬੇਕਾਰ ਹੋ ਚੁੱਕਾ ਹੈ।* ਢਿੱਲੋਂ ਸਾਬ੍ਹ ਇਸ ਨੂੰ ਸਪੱਸ਼ਟ ਕਰਨ ਲਈ ਹਿਰਨਾਂ ਦੀ ਉਦਾਹਰਨ ਹਨ, ਹੋਰ ਵਿਦਵਾਨ ਜਿਵੇਂ ਕਿ ਨੂਰਪੁਰ ਹੁਰੀਂ ਡਾਇਨਾਸੋਰਾਂ ਦੀ ਉਦਾਹਰਨ ਦਿੰਦੇ ਹਨ। ਅਜਿਹਾ ਲੱਗਦਾ ਹੈ ਕਿ ਮਨੁੱਖੀ ਸਮਾਜ ਨਾਲ ਜੁੜੇ ਮਸਲੇ ਵਿਦਵਾਨਾਂ ਲਈ ਜਾਂ ਤਾਂ ਆਮ ਲੋਕਾਂ ਨੂੰ ਉਪਦੇਸ਼ ਦੇਣ ਦਾ ਖੇਤਰ ਲੱਗਦੇ ਹਨ ਜਾਂ ਫਿਰ ਉਹ ਇਹ ਇਹਨਾਂ ਨੂੰ ਸੜਕ 'ਤੇ ਲੇਟੀ ਕੁੱਤੀ ਵਾਂਗ ਲੱਗਦੇ ਹਨ ਜਿਸਨੂੰ ਜਦ ਦਿਲ ਕਰੇ ਲੰਘਦੇ-ਟੱਪਦੇ ਲੱਤ ਮਾਰ ਦਿਉ। ਵਿਦਵਾਨ ਸੱਜਣੋਂ, ਕੀ ਪਸ਼ੂ ਜਗਤ ਤੇ ਮਨੁੱਖਾਂ 'ਚ ਤੁਹਾਨੂੰ ਕੋਈ ਫ਼ਰਕ ਵੀ ਲੱਗਦਾ ਹੈ ਕਿ ਨਹੀਂ। ਅਸਲ ਵਿੱਚ ਇਹ

ਵਿਦਵਾਨ ਇਸ ਜੁਮਲੇ ਦੇ ਸ਼ਿਕਾਰ ਹਨ – ਮਨੁੱਖ ਇੱਕ ਹੋਰ ਜਾਨਵਰ ਹੈ (Man is just an another animal)। ਮਨੁੱਖ ਜਿੱਥੇ ਕੁਦਰਤ ਦਾ ਇੱਕ ਹਿੱਸਾ ਹੈ, ਉਥੇ ਇਹ ਕੁਦਰਤ ਨੂੰ ਪ੍ਰਭਾਵਿਤ ਵੀ ਕਰਦਾ ਹੈ। ਮਨੁੱਖ ਦੀ ਚੇਤਨਾ ਦਾ ਵਿਕਾਸ ਪਸ਼ੂ ਜਗਤ ਨਾਲੋਂ ਕਿਤੇ ਜ਼ਿਆਦਾ ਹੈ, ਮਨੁੱਖ ਇੱਕ ਪੈਦਾਕਾਰ ਹੈ, ਇਹ ਸੰਦਾਂ ਦਾ ਇਸਤੇਮਾਲ ਕਰਦਾ ਹੈ, ਇਹ ਕੁਦਰਤ ਨੂੰ ਆਪਣੀ ਸੇਵਾ ’ਚ ਲਾਉਂਦਾ ਹੈ। ਇਹ ਪਸ਼ੂਆਂ ਨੂੰ ਪਾਲਤੂ ਬਣਾ ਕੇ ਪਸ਼ੂ-ਪਾਲਣ ਸ਼ੁਰੂ ਕਰਦਾ ਹੈ, ਖੇਤੀ ਕਰਨੀ ਸ਼ੁਰੂ ਕਰਦਾ ਹੈ, ਸ਼ਹਿਰ ਵਸਾਉਂਦਾ ਹੈ, ਵੱਡੇ-ਵੱਡੇ ਅਜੂਬੇ ਉਸਾਰ ਦਿੰਦਾ ਹੈ। ਇਹ ਸਮਝਣਾ ਕਿ ਮਨੁੱਖ ਪੂਰੀ ਤਰ੍ਹਾਂ ਕੁਦਰਤ ਦਾ ਗੁਲਾਮ ਹੈ, ਮਨੁੱਖ ਦੀ ਚੇਤਨਾ ਨੂੰ ਬਹੁਤ ਘੱਟ ਕਰਕੇ ਦੇਖਣਾ ਹੈ ਅਤੇ ਮਨੁੱਖ ਬਾਰੇ ਬਹੁਤ ਪੇਤਲੀ ਸਮਝ ਰੱਖਣਾ ਹੈ। ਕੋਈ ਸਮਾਂ ਸੀ ਅਕਾਲ ਪੈਂਦੇ ਸਨ, ਪਰ ਅੱਜ ਨਹੀਂ ਪੈਂਦੇ। ਕੋਈ ਸਮਾਂ ਸੀ ਪਲੇਗ ਮਨੁੱਖਤਾ ਦੇ ਇੱਕ ਤਿਹਾਈ ਹਿੱਸੇ ਨੂੰ ਖਤਮ ਕਰ ਦਿੰਦੀ ਸੀ, ਪਰ ਅੱਜ ਇਸ ਦੇ ਫੈਲਣ ਨਾਲ਼ 2-4 ਤੋਂ ਵੱਧ ਮੌਤਾਂ ਨਹੀਂ ਹੁੰਦੀਆਂ। (ਹੁਣ ਤੁਸੀਂ ਕਹੋਗੇ ਕਿ ਮਨੁੱਖ ਅੱਜ ਵੀ ਵੱਡੀ ਗਿਣਤੀ ’ਚ ਬਿਮਾਰੀਆਂ ਨਾਲ਼ ਮਰਦੇ ਹਨ, ਮੈਂ ਕਹਾਂਗਾ ਵਿਦਵਾਨ ਜੀ ਕੁਝ ਸੋਚਿਆ ਵੀ ਕਰੋ, ਇਹਨਾਂ ਮੌਤਾਂ ਦਾ ਕਾਰਨ ਅਬਾਦੀ ਨਹੀਂ, ਮੈਡੀਕਲ ਵਿਗਿਆਨ ਨੂੰ ਕੁਝ ਲੋਕਾਂ ਵੱਲੋਂ ਨਿੱਜੀ ਮੁਨਾਫੇ ਕੁੱਟਣ ਲਈ ਵਰਤਣਾ ਹੈ) ਇਸ ਕਰਕੇ ਹਿਰਨਾਂ/ਡਾਇਨਾਸੋਰਾਂ ਦੀਆਂ ਉਦਾਹਰਣਾਂ ਕਿਸੇ ਛੋਟੇ ਬੱਚੇ ਲਈ ਤਾਂ ਵੱਡੀ ਦਲੀਲ ਹੋ ਸਕਦੀ ਹੈ, ਪਰ ਪੜ੍ਹੇ-ਲਿਖੇ ਜਦ ਬੱਚਿਆਂ ਵਰਗੀਆਂ ਗੱਲਾਂ ਕਰਨ ਲੱਗਦੇ ਹਨ ਤਾਂ ਹੈਰਾਨੀ ਹੁੰਦੀ ਹੈ।

*ਇੱਕ ਹੋਰ ਚਿੰਤਾ ਜੋ ਗੁਰਦਿਆਲ ਸਿੰਘ ਐਂਡ ਕੰਪਨੀ ਨੂੰ ਰਹਿੰਦੀ ਹੈ, ਉਹ ਹੈ ਵਾਤਵਰਣ ਦੀ ਤਬਾਹੀ।* ਇਹ ਬਿਲਕੁਲ ਹੋਣੀ ਚਾਹੀਦੀ ਹੈ ਅਤੇ ਹਰ ਸਮਾਜਿਕ ਸਰੋਕਾਰ ਰੱਖਣ ਵਾਲ਼ਾ ਵਿਅਕਤੀ ਇਹ ਚਿੰਤਾ ਕਰਦਾ ਹੈ, ਅਸੀਂ ਉਹਨਾਂ ਨਾਲ਼ ਹਾਂ। ਪਰ *ਜਦ ਮੁੱਦਾ ਇਸਦੇ ਕਾਰਨਾਂ ਦਾ ਆਉਂਦਾ ਹੈ ਤਾਂ ਇੱਕ ਵਾਰ ਫਿਰ ਇਹਨਾਂ ਦੀ ਸੂਈ ਅਬਾਦੀ ’ਤੇ ਆ ਕੇ ਰੁਕ ਜਾਂਦੀ ਹੈ* ਅਤੇ ਵਾਤਾਵਰਣ ਬਚਾਉਣ ਲਈ ਅਬਾਦੀ ਘਟਾਉਣ ਦੀ ਵਕਾਲਤ ਕਰਦੇ ਹਨ। ਇਹਨਾਂ ਦਾ, ਖਾਸ ਕਰਕੇ ਗੁਰਚਰਨ ਨੂਰਪੁਰ ਹੁਰਾਂ ਦਾ ਕਹਿਣਾ ਹੈ ਕਿ ਅਬਾਦੀ ਵਧਣ ਨਾਲ਼ ਕਾਰਾਂ, ਬਿਜਲੀ ਘਰਾਂ, ਵੱਡੇ-ਵੱਡੇ ਬਜ਼ਾਰਾਂ ਆਦਿ ਆਦਿ ਦੀ ਵੱਡੀ ਮੰਗ ਪੈਦਾ ਹੁੰਦੀ ਹੈ ਤੇ ਜਿਸਨੂੰ ਪੂਰਿਆਂ ਕਰਨ ਲਈ ਫੈਕਟਰੀਆਂ ਦੀ ਗਿਣਤੀ ਵਧਦੀ ਹੈ ਤੇ ਪ੍ਰਦੂਸ਼ਣ ਵਧਦਾ ਹੈ। **ਭਾਰਤ ’ਚ 77% ਅਬਾਦੀ 20 ਰੁਪੈ ਪ੍ਰਤੀ ਦਿਨ ਤੋਂ ਘੱਟ ’ਤੇ ਗੁਜ਼ਾਰਾ ਕਰਦੀ ਹੈ, ਅਬਾਦੀ ਦਾ ਇਹ ਤਿੰਨ-ਚੌਥਾਈ ਹਿੱਸਾ ਕਿੰਨਾ ਕੁ ਕਾਰਾਂ ਖਰੀਦਦਾ ਹੈ, ਕਿੰਨੀ ਕੁ ਬਿਜਲੀ ਇਸਤੇਮਾਲ ਕਰਦਾ ਹੈ, ਕਿੰਨਾ ਕੁ ਬਜ਼ਾਰਾਂ ’ਚ ਜਾਂਦਾ ਹੈ, ਹਵਾਈ ਜ਼ਹਾਜ ਬੱਸਾਂ ਤੇ ਰੇਲ**

**ਗੱਡੀਆਂ ਵਰਤਦਾ ਹੈ** ਇਸ ਦਾ ਅੰਦਾਜ਼ਾ ਸਹਿਜੇ ਹੀ ਹੋ ਜਾਂਦਾ ਹੈ। **ਪਰ ਨਹੀਂ, ਇਹਨਾਂ ਵਿਦਵਾਨ ਸੱਜਣਾਂ ਨੂੰ ਪੂਰੀ ਮਨੁੱਖਤਾ ਦੋਸ਼ੀ ਲੱਗਦੀ ਹੈ।** ਦੁਨੀਆਂ ਦੀ ਉੱਪਰਲੀ 20% ਅਬਾਦੀ 87% ਵਾਹਨਾਂ ਦਾ ਇਸਤੇਮਾਲ ਕਰਦੀ ਹੈ, ਇਹੀ 20% ਅਬਾਦੀ ਕੁਲ ਊਰਜਾ ਖਪਤ ਦਾ 60% ਖਪਤ ਕਰਦੀ ਹੈ। ਇਸ ਤਰ੍ਹਾਂ ਸਾਫ਼ ਹੈ ਕਿ ਲੋੜਾਂ ਵਧਣ ਦਾ ਤਰਕ ਉੱਪਰਲੀ 20% ਅਬਾਦੀ 'ਤੇ ਢੁੱਕਦਾ ਹੈ। ਦੂਜੀ ਗੱਲ, ਕੀ ਸਰਮਾਏਦਾਰੀ ਢਾਂਚੇ ਵਿੱਚ ਪੈਦਾਵਾਰ ਸਮਾਜਿਕ ਜ਼ਰੂਰਤਾਂ ਨੂੰ ਧਿਆਨ 'ਚ ਰੱਖਕੇ ਹੁੰਦੀ ਹੈ ਜਾਂ ਸਰਮਾਏਦਾਰਾਂ ਦੇ ਨਿੱਜੀ ਮੁਨਾਫਿਆਂ ਲਈ? ਸਾਫ਼ ਤੌਰ 'ਤੇ ਦੂਜੇ ਮੰਤਵ ਲਈ। ਫਿਰ ਪ੍ਰਦੂਸ਼ਣ ਫੈਲਾਉਣ ਲਈ ਸਾਰੇ ਲੋਕ ਜਿੰਮੇਵਾਰ ਕਿਉਂ? ਇਹ ਇਹੀ ਸਮਝਣ। ਖੁਦ ਨੂਰਪੁਰ ਇਹ ਲਿਖਦੇ ਹਨ- "ਇਹਨਾਂ ਲੋੜਾਂ ਤੋਂ ਇਲਾਵਾ ਮਨੁੱਖ ਦੀਆਂ ਹੋਰ ਵੀ ਬਹੁਤ ਸਾਰੀਆਂ ਲੋੜਾਂ ਹਨ ਜਾਂ ਇੰਝ ਕਹਿ ਲਈਏ ਕਿ ਪੂੰਜੀਵਾਦੀ ਸਮਾਜ ਨੇ ਉਸ ਲਈ ਇਹ ਲੋੜਾਂ ਪੈਦਾ ਕਰ ਦਿੱਤੀਆਂ ਹਨ।" ਪਰ ਉਹ ਇਹ ਜਾਣਦੇ ਹੋਏ ਵੀ ਢਾਂਚੇ ਦੀ ਗੱਲ ਕਰਨ ਦੀ ਥਾਂ ਅਬਾਦੀ ਦਾ ਰੋਣ-ਪਿੱਟਣ ਲੈ ਕੇ ਬੈਠ ਜਾਂਦੇ ਹਨ। **ਜੇ ਪ੍ਰਦੂਸ਼ਣ ਘਟਾਉਣਾ ਹੀ ਹੈ (ਜੋ ਕਿ ਅਤੀ ਜ਼ਰੂਰੀ ਹੈ) ਤਾਂ ਅਸੀਂ ਉੱਪਰਲੇ 10-15% ਦਾ ਕੁਝ ਕਰੀਏ** ਜਿਹੜੇ ਜੇ ਬਸ ਚੱਲੇ ਤਾਂ ਗੁਸਲਖਾਨੇ 'ਚ ਨਹਾਉਣ ਲਈ ਵੀ ਟਾਟਾ ਦੀ ਕਾਰ 'ਚ ਬੈਠ ਕੇ ਜਾਣ ਤੇ ਉਹ ਵੀ ਪਰਿਵਾਰ ਦਾ ਹਰੇਕ ਜੀਅ ਆਪਣੀ-ਆਪਣੀ ਭਾਲੇਗਾ।

ਹੁਣ ਅਸੀਂ ਅਬਾਦੀ ਦੇ ਵਧਣ ਦੀ ਪ੍ਰਕਿਰਿਆ ਨੂੰ ਸਮਝ ਲਈਏ। ਅਬਾਦੀ ਹਮੇਸ਼ਾਂ ਹੀ ਇੱਕੋ ਰਫਤਾਰ ਨਾਲ਼ ਨਹੀਂ ਵਧਦੀ ਅਤੇ ਨਾ ਹੀ ਇਹ ਸਦਾ ਵਧਦੀ ਹੀ ਹੈ, ਇਹ ਸਥਿਰ ਵੀ ਹੋ ਜਾਂਦੀ ਹੈ ਅਤੇ ਘਟਣ ਵੀ ਲੱਗਦੀ ਹੈ। **ਅਬਾਦੀ 'ਚ ਇਹਨਾਂ ਬਦਲਾਵਾਂ ਦਾ ਕਾਰਨ ਮਨੁੱਖਾਂ ਦੇ ਦਿਮਾਗਾਂ 'ਚ ਨਹੀਂ ਪਏ** ਜਿਸ ਤਰ੍ਹਾਂ ਕਿ ਗੁਰਦਿਆਲ ਸਿੰਘ ਹੁਰੀਂ ਆਮ ਲੋਕਾਂ ਨੂੰ ਮੂਰਖ, ਜ਼ਾਹਿਲ ਗਰਦਾਨ ਕੇ ਦਿਖਾ ਰਹੇ ਹਨ ਜਾਂ ਫਿਰ 'ਬੱਚਿਆਂ ਨੂੰ ਵਰਦਾਨ' ਸਮਝਣ ਜਾਂ ਅਜਿਹੀਆਂ ਹੀ ਹੋਰ ਧਾਰਨਾਵਾਂ ਦੀ ਮਿਸਾਲ ਦੇ ਕੇ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ। ਧਾਰਨਾਵਾਂ ਵੀ ਮਨੁੱਖ ਦੇ ਜੀਵਨ ਦੇ ਭੌਤਿਕ ਹਾਲਾਤਾਂ 'ਚੋਂ ਪੈਦਾ ਹੁੰਦੀਆਂ ਹਨ। ਜਿਵੇਂ ਅਸੀਂ "ਬੱਚਿਆਂ ਨੂੰ ਵਰਦਾਨ" ਸਮਝਣ ਦੀ ਧਾਰਨਾ ਹੀ ਲਈਏ। ਮੱਧਵਰਗੀ ਜੋੜਿਆਂ ਲਈ ਹੁਣ ਬੱਚੇ ਵਰਦਾਨ ਨਹੀਂ ਰਹੇ ਅਤੇ ਇਹ ਆਮ ਤੌਰ 'ਤੇ ਇੱਕ ਜਾਂ ਹੱਦ ਦੋ ਬੱਚੇ ਪੈਦਾ ਕਰਦੇ ਹਨ। ਕਾਰਨ, ਇਹਨਾਂ ਦੀ ਸਮਾਜਿਕ ਹੈਸੀਅਤ ਜਿਸ ਕਾਰਨ ਬਹੁਤੇ ਬੱਚਿਆਂ ਦਾ ਪਾਲਣ-ਪੋਸ਼ਣ ਮੁਸ਼ਕਿਲ ਹੁੰਦਾ ਜਾਂਦਾ ਹੈ ਅਤੇ ਦੂਸਰਾ ਇਹਨਾਂ ਕੋਲ ਜੀਵਨ ਦੀ ਸੁਰੱਖਿਆ ਦਾ ਅਹਿਸਾਸ ਹੁੰਦਾ ਹੈ। ਪਰ ਇਹ ਸੁਰੱਖਿਆ ਗਰੀਬਾਂ ਕੋਲ ਨਹੀਂ ਹੁੰਦੀ ਜਿਸ ਦਾ ਨਤੀਜਾ ਬੱਚਿਆਂ ਦੀ ਜ਼ਿਆਦਾ ਜਨਮ ਦਰ ਵਿੱਚ ਨਿਕਲਦੀ ਹੈ। ਇਹ ਦੇਖਿਆ

ਜਾ ਸਕਦਾ ਹੈ ਕਿ ਜਿਵੇਂ ਜਿਵੇਂ ਸਿਹਤ ਸੁਵਿਧਾਵਾਂ ਦਾ ਵਿਕਾਸ ਹੁੰਦਾ ਹੈ, ਜਨਮ ਦਰ ਘੱਟਦੀ ਜਾਂਦੀ ਹੈ। ਜੇ ਅਸੀਂ ਮਨੁੱਖਤਾ ਦੇ ਇਤਿਹਾਸ ’ਤੇ ਨਜ਼ਰ ਮਾਰੀਏ ਤਾਂ ਸਾਨੂੰ ਇਹ ਸਪੱਸ਼ਟ ਦਿਖਾਈ ਦਿੰਦਾ ਹੈ ਕਿ **ਜਦੋਂ ਵੀ ਪੈਦਾਵਾਰੀ ਤਾਕਤਾਂ ’ਚ ਗੁਣਾਤਮਕ ਵਿਕਾਸ ਹੋਇਆ ਹੈ ਤਾਂ ਅਬਾਦੀ ਇਕਦਮ ਵਧੀ ਹੈ।** ਜਿਵੇਂ ਜਦੋਂ ਮਨੁੱਖ ਨੇ ਮੁੱਢਲੀ ਖੇਤੀ ਸ਼ੁਰੂ ਕੀਤੀ ਤਾਂ ਖ਼ੁਰਾਕ ਦੀ ਸਪਲਾਈ ਕਾਫ਼ੀ ਨਿਯਮਤ ਹੋ ਗਈ ਤੇ ਨਤੀਜਾ ਸੀ ਅਬਾਦੀ ’ਚ ਵਾਧਾ। ਬਿਲਕੁਲ ਆਧੁਨਿਕ ਸਮੇਂ ’ਚ ਵੀ ਅਸੀਂ ਇਹੀ ਵਰਤਾਰਾ ਦੇਖਦੇ ਹਾਂ। ਜਦੋਂ ਜਗੀਰਦਾਰੀ ਦੀ ਥਾਂ ਸਰਮਾਏਦਾਰੀ ਨੇ ਲਈ ਤਾਂ ਅਬਾਦੀ ’ਚ ਇਕਦਮ ਵਾਧਾ ਹੋਇਆ। ਇੰਗਲੈਂਡ ਇਸਦੀ ਪ੍ਰਤੀਨਿਧ ਉਦਾਹਰਨ ਹੈ ਜਿਸਦੀ ਅਬਾਦੀ 1700–1900 ਦੇ ਵਕਫ਼ੇ ’ਚ ਚਾਰ ਗੁਣਾ ਵਧੀ ਸੀ ਤੇ ਬਿਲਕੁਲ ਇਹੀ ਸਮਾਂ ਸੀ ਜਦੋਂ ਇੰਗਲੈਂਡ ’ਚ ਸੱਨਅਤੀ ਇਨਕਲਾਬ ਆਇਆ ਤੇ ਸਿਹਤ ਸਿੱਖਿਆ ਦਾ ਪਸਾਰ ਹੋਇਆ। ਫਿਰ ਜਿਵੇਂ ਆਰਥਿਕ ਤੇ ਸਮਾਜਕ ਜੀਵਨ ਦੀ ਸੁਰੱਖਿਆ ਜ਼ਿੰਦਗੀ ਦਾ ਇੱਕ ਹਿੱਸਾ ਬਣ ਗਈ ਅਤੇ ਸੱਭਿਆਚਾਰਕ ਪੱਧਰ ਉੱਚਾ ਹੋਇਆ, ਅਬਾਦੀ ਦੀ ਵਾਧਾ ਦਰ ਘਟ ਗਈ।

ਜਾਂਦੇ ਜਾਂਦੇ ਅਸੀਂ ਅਬਾਦੀ ਸੰਕਟ ਦੇ **ਇਸ ਰੋਣ-ਧੋਣ ਦੇ ਭੌਤਿਕ ਅਧਾਰ ਵੱਲ ਵੀ ਝਾਤ ਮਾਰ ਲਈਏ।** ਇਸ ਪੂਰੀ ਵਿਚਾਰਧਾਰਾ ਦੀ ਬੁਨਿਆਦ ਮਾਲਥਸ ਦੇ ਸਿਧਾਂਤਾਂ ’ਚ ਹੈ ਅਤੇ ਇਸੇ ਦਾ ਆਧੁਨਿਕ ਰੂਪ ਨਵ–ਮਾਲਥਸਵਾਦ ਹੈ ਜੋ ਪਿਛਲੇ ਸੌ ਸਾਲਾਂ ਤੋਂ ਸਮੇਂ–ਸਮੇਂ ਸਿਰ ਚੁੱਕਦਾ ਰਿਹਾ ਹੈ। ਇਹ **ਨਿੱਕ-ਬੁਰਜੂਆ ਜਮਾਤ** (ਛੋਟੇ ਨੌਕਰਸ਼ਾਹ, ਦਰਮਿਆਨੇ ਕਿਸਾਨ, ਦਸਤਕਾਰ ਤੇ ਵਰਕਸ਼ਾਪ ਚਲਾਉਣ ਵਾਲ਼ੇ, ਛੋਟੇ ਵਪਾਰੀ ਤੇ ਦੁਕਾਨਦਾਰ) ਅਤੇ **ਬੁੱਧੀਜੀਵੀ ਤਬਕੇ ਦੀ ਵਿਚਾਰਧਾਰਾ ਹੈ**। ਇਹ ਉਹ ਸਮਾਜਕ ਜਮਾਤ ਹੈ ਜੋ ਲਗਾਤਾਰ ਬਰਬਾਦ ਹੋਣ ਦੇ ਕਿਨਾਰੇ ਖੜ੍ਹੀ ਰਹਿੰਦੀ ਹੈ, ਇਸਦਾ ਕੁਝ ਹਿੱਸਾ ਲਗਾਤਾਰ ਬਰਬਾਦ ਹੋ ਕੇ ਗਰੀਬਾਂ ਤੇ ਉਜਰਤੀ ਮਜ਼ਦੂਰਾਂ ’ਚ ਰਲ਼ਦਾ ਰਹਿੰਦਾ ਹੈ। ਲੈਨਿਨ ਅਨੁਸਾਰ - “ਨਿੱਕ–ਬੁਰਜੂਆ ਦੇਖਦਾ ਤੇ ਮਹਿਸੂਸ ਕਰਦਾ ਹੈ ਕਿ ਉਹ ਬਰਬਾਦੀ ਵੱਲ ਵਧ ਰਿਹਾ ਹੈ, ਜ਼ਿੰਦਗੀ ਰੋਜ਼ ਔਖੀ ਹੁੰਦੀ ਜਾ ਰਹੀ ਹੈ, ਹੋਂਦ ਬਣਾਈ ਰੱਖਣ ਦਾ ਸੰਘਰਸ਼ ਸਦਾ ਵਧੇਰੇ ਬੇਰਹਿਮ ਹੁੰਦਾ ਜਾ ਰਿਹਾ ਹੈ, ਅਤੇ ਉਸਦੀ ਤੇ ਉਸਦੇ ਪਰਿਵਾਰ ਦੀ ਪੋਜ਼ੀਸ਼ਨ ਜ਼ਿਆਦਾ ਤੋਂ ਜ਼ਿਆਦਾ ਨਾ–ਉਮੀਦੀ ਵਾਲ਼ੀ ਹੁੰਦੀ ਜਾਂਦੀ ਹੈ। ਨਿੱਕ–ਬੁਰਜੂਆ ਇਸ ਹਾਲਤ ਦੇ ਖਿਲਾਫ਼ ਰੋਹ ਜਤਾਉਂਦਾ ਹੈ।

ਪਰ ਉਹ ਆਪਣਾ ਰੋਹ ਕਿਵੇਂ ਜਤਾਉਂਦਾ ਹੈ?

ਉਹ ਉਸ ਜਮਾਤ ਦੇ ਨੁਮਾਇੰਦੇ ਵਜੋਂ ਰੋਸ ਪ੍ਰਗਟ ਕਰਦਾ ਹੈ ਜਿਹੜੀ ਨਾ–ਉਮੀਦੀ ’ਚ ਹੈ, ਆਪਣੇ ਭਵਿੱਖ ਨੂੰ ਲੈ ਕੇ ਨਿਰਾਸ਼ ਹੈ, ਉਹ ਉਦਾਸ ਹੈ ਅਤੇ

ਡਰਪੋਕ ਵੀ ਹੈ। ਕੁਝ ਨਹੀਂ ਹੋ ਸਕਦਾ.... ਇਸ ਤੋਂ ਬਿਨਾਂ ਕਿ ਸਾਡੇ ਜਿਹਾ ਸੰਤਾਪ ਤੇ ਸਖ਼ਤ ਘਾਲਣਾ, ਸਾਡੀ ਗਰੀਬੀ ਤੇ ਅਪਮਾਣ ਝੱਲਣ ਲਈ ਸਾਡੇ ਬੱਚੇ ਘੱਟ ਹੋਣ - ਨਿੱਕ ਬੁਰਜੂਆ ਦੀ ਇਹੀ ਚੀਕ ਹੈ।"

ਇਹ ਇੱਕ ਅਜਿਹੀ ਜਮਾਤ ਹੈ ਜਿਹੜੀ ਇਹ ਤਾਂ ਕਹੇਗੀ ਕਿ "ਓਨੇ ਹੀ ਬੱਚੇ ਪੈਦਾ ਕਰੋ ਜਿੰਨਿਆਂ ਨੂੰ ਸੰਭਾਲ ਲਈਏ" ਪਰ ਇਹ ਕਦੇ ਨਹੀਂ ਕਹੇਗੀ "ਬੱਚਿਓ, ਹੋਰ ਵਧੇਰੇ ਚੰਗੇ ਤਰੀਕੇ ਨਾਲ਼, ਜ਼ਿਆਦਾ ਵਧੀਆ ਏਕਾ ਬਣਾਕੇ, ਹੋਰ ਸੁਚੇਤ ਹੋ ਕੇ ਅਤੇ ਹੋਰ ਜ਼ਿਆਦਾ ਦ੍ਰਿੜ੍ਹਤਾ ਨਾਲ਼ ਅੱਜ ਦੀਆਂ ਉਹਨਾਂ ਹਾਲਤਾਂ ਖਿਲਾਫ਼ ਲੜੋ ਜਿਹੜੀਆਂ ਸਾਨੂੰ ਅਪੰਗ ਕਰ ਰਹੀਆਂ ਹਨ ਤੇ ਬਰਬਾਦ ਕਰ ਰਹੀਆਂ ਹਨ।"

ਇੱਕ ਹੋਰ ਸਮਾਜਿਕ ਤਬਕਾ ਹੈ ਜੋ ਇਸ ਵਿਚਾਰਧਾਰਾ ਦਾ ਤਕੜਾ ਵਾਹਕ ਹੈ, ਇਹ ਹੈ ਸ਼ਹਿਰੀ ਤੇ ਪੇਂਡੂ ਮੱਧਵਰਗ ਖਾਸ ਤੌਰ 'ਤੇ ਇਸਦਾ ਉੱਪਰਲਾ ਹਿੱਸਾ। ਇਹ ਉਹ ਤਬਕਾ ਹੈ ਜਿਹੜਾ ਸਮਾਜ ਦੇ ਉੱਚ-ਵਰਗ 'ਚ ਸ਼ਾਮਿਲ ਹੋਣ ਦੇ ਸੁਪਨੇ ਦੇਖਦਾ ਹੈ ਅਤੇ ਆਧੁਨਿਕ ਸਮੇਂ ਦੀਆਂ ਸਾਰੀਆਂ ਐਸ਼ੋ-ਅਰਾਮ ਦੀਆਂ ਚੀਜ਼ਾਂ ਨੂੰ ਆਪਣੀਆਂ ਬਣਾਉਣਾ ਚਾਹੁੰਦਾ ਹੈ। ਪਰ ਇਸਦਾ ਧਨ ਸੀਮਤ ਹੈ ਅਤੇ ਉਸੇ ਸੀਮਤ ਧਨ ਨਾਲ ਉਹ ਵੱਧ ਤੋਂ ਵੱਧ ਚੀਜ਼ਾਂ ਖਰੀਦ ਲੈਣਾ ਚਾਹੁੰਦਾ ਹੈ। ਇੱਥੋਂ ਇਸਦੀ ਅਬਾਦੀ ਘਟਾਉਣ ਦੀ ਚਾਹਤ ਨਿਕਲਦੀ ਹੈ। ਇਹ ਸੋਚਦਾ ਹੈ ਕਿ ਖਰੀਦਦਾਰ ਘੱਟ ਹੋਣ ਤਾਂ ਕੀਮਤਾਂ ਘੱਟ ਜਾਣਗੀਆਂ ਤੇ ਉਹ ਜ਼ਿਆਦਾ ਖਰੀਦ ਲਵੇਗਾ। ਉਹ ਆਪਣੇ ਤੋਂ ਉੱਚੇ ਤਬਕੇ ਨੂੰ ਕੁਝ ਨਹੀਂ ਕਹਿ ਸਕਦਾ, ਉਹ ਆਪਣਾ ਨਜ਼ਲਾ ਹੇਠਲੇ ਤਬਕਿਆਂ 'ਤੇ ਝਾੜਦਾ ਹੈ ਤੇ ਉਹਨਾਂ ਨੂੰ ਅਬਾਦੀ 'ਚ ਵਾਧਾ ਕਰਨ ਲਈ ਕੋਸਦਾ ਹੈ। ਪਰ ਇਹ ਨਹੀਂ ਦੇਖਦਾ ਕਿ ਜੋ ਕੁਝ ਇਹ ਖਰੀਦਣਾ ਚਾਹੁੰਦਾ ਹੈ ਉਸਦਾ ਗਾਹਕ ਇਹੀ ਤਬਕਾ ਹੈ, ਇਸ ਲਈ ਮੰਗ ਘਟਾਉਣ ਲਈ ਇਸਨੂੰ ਆਪਣੀ ਹੀ ਗਿਣਤੀ ਘਟਾਉਣੀ ਚਾਹੀਦੀ ਹੈ।

ਨਿੱਕ-ਬੁਰਜੂਆ ਤੇ ਮੱਧਵਰਗੀ ਮਾਨਸਿਕਤਾ 'ਚੋਂ ਪੈਦਾ ਹੋਇਆ ਇਹ ਤਰਕ ਸਰਮਾਏਦਾਰੀ ਨੂੰ ਖੂਬ ਫਿੱਟ ਬੈਠਦਾ ਹੈ। ਉਹ ਇਸਨੂੰ ਖੂਬ ਧੂਮ-ਧੜੱਕੇ ਨਾਲ਼ ਪ੍ਰਚਾਰਦੀ ਹੈ ਤਾਂ ਕਿ ਆਪਣੀ ਲੁੱਟ ਨੂੰ ਛੁਪਾ ਸਕੇ ਤਾਂ ਕਿ ਲੋਕਾਂ ਦੀ ਬਦਹਾਲੀ ਦਾ ਦੋਸ਼ ਉਹਨਾਂ ਹੀ ਲੋਕਾਂ ਸਿਰ ਧਰ ਸਕੇ ਜੋ ਬਦਹਾਲ ਹਨ। ਸਰਮਾਏਦਾਰਾ ਢਾਂਚਾ ਆਪਣੇ ਜਨਮ ਤੋਂ ਹੀ ਅਜਿਹਾ ਕਰਦਾ ਆ ਰਿਹਾ ਹੈ ਅਤੇ ਹੁਣ ਇਸ ਢਾਂਚੇ ਵੱਲੋਂ ਵਜਾਈ ਜਾ ਰਹੀ ਬੀਨ ਉੱਪਰ ਗੁਰਦਿਆਲ ਸਿੰਘ, ਪ੍ਰੋ. ਢਿੱਲੋਂ ਅਤੇ "ਤਰਕਸ਼ੀਲ" ਨੂਰਪੁਰ ਜੇਹੇ ਵੀ ਨੱਚਣ ਲੱਗ ਪਏ ਹਨ।

• • •



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ — 15 ਰੁਪਏ